# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

**ਮਿਤੀ 20 ਮਾਰਚ, 2017 (ਸੋਮਵਾਰ ) ਨੂੰ 2.30 ਵਜੇ ਬਾਅਦ ਦੁਪਹਿਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸੈਨੇਟ ਹਾਲ ਵਿਖੇ ਹੋਈ ਯੂਨੀਵਰਸਿਟੀ ਸੈਨੇਟ ਦੀ ਇੱਕਤਰਤਾ ਦੀ ਕਾਰਵਾਈ।**

**ਹਾਜ਼ਰ:-**

1. ਡਾ. ਅ.ਸ. ਬਰਾੜ<br>ਉਪ-ਕੁਲਪਤੀ . . . (ਸਭਾਪਤੀ)
2. ਡਾ. ਨਵਦੀਪ ਸਿੰਘ ਤੁੰਗ,<br>ਡੀਨ, ਅਕਾਦਮਿਕ ਮਾਮਲੇ
3. ਡਾ. ਅਵਿਨਾਸ਼ ਕੌਰ ਨਾਗਪਾਲ
4. ਡਾ. ਅਜ਼ੀਜ ਅੱਬਾਸ
5. ਡਾ. ਅਮਰਜੀਤ ਸਿੰਘ ਸਿੱਧੂ
6. ਡਾ. ਗੁਰਪ੍ਰੀਤ ਕੌਰ
7. ਡਾ.(ਮਿਸਿਜ਼) ਗੁਰਸਤੇਜ ਗਾਂਧੀ
8. ਸ਼੍ਰੀ ਹਰਮੀਤ ਸਿੰਘ
9. ਆਰ. ਜੱਜਬੀਰ ਸਿੰਘ ਆਹਲੂਵਾਲੀਆ
10. ਸ. ਜਗਦੀਸ਼ ਸਿੰਘ
11. ਡਾ. ਜਤਿੰਦਰ ਸਿੰਘ
12. ਡਾ. ਕਮਲਜੀਤ ਸਿੰਘ
13. ਸ਼੍ਰੀ ਕੇ.ਐਸ. ਬੈਂਸ
14. ਡਾ. ਕਵੀਪਾਲ ਸਿੰਘ
15. ਸ਼੍ਰੀ ਕੇ.ਐਸ. ਰੇਖੀ
16. ਸ. ਨਾਨਕ ਸਿੰਘ
17. ਡਾ. ਨਵਜੋਤ ਕੌਰ
18. ਮਿਸਿਜ਼ ਨੇਹਾ ਸੇਠੀ
19. ਡਾ. ਪੈਮੀ ਮਨਚੰਦਾ
20. ਸ. ਪ੍ਰੇਮ ਸਿੰਘ
21. ਡਾ. ਰੇਨੂੰ ਬਾਲਾ
22. ਡਾ. ਰਾਜਬੀਰ ਕੌਰ
23. ਡਾ.(ਮਿਸਿਜ਼) ਸੁਨਿੰਦਰ ਤੁੰਗ
24. ਡਾ.(ਮਿਸਿਜ਼) ਸਰੋਜ ਭੱਲਾ

25. ਡਾ. ਸੰਤੋਖ ਸਿੰਘ
26. ਪ੍ਰੋ. ਐਸ. ਐਸ. ਗਿੱਲ
27. ਡਾ. ਕਰਨਜੀਤ ਸਿੰਘ ਕਾਹਲੋਂ . . . . ਸਕੱਤਰ
    ਰਜਿਸਟਰਾਰ

ਏਜੰਡਾ ਸ਼ੁਰੂ ਕਰਨ ਤੋਂ ਪਹਿਲਾਂ ਉਪ-ਕੁਲਪਤੀ ਸਾਹਿਬ ਨੇ ਸੈਨੇਟ ਦੀ ਇਕੱਤਰਤਾ ਵਿਚ ਸ਼ਾਮਲ ਹੋਣ 'ਤੇ ਸਮੂਹ ਮੈਂਬਰ ਸਾਹਿਬਾਨ ਨੂੰ 'ਜੀ ਆਇਆਂ' ਆਖਿਆ।

ਉਨ੍ਹਾਂ ਸੈਨੇਟ ਦੇ ਪੁਰਾਣੇ ਮੈਂਬਰ - ਡਾ. ਅਤਿਮਾ ਸ਼ਰਮਾ, ਡਾ. ਦਲਜੀਤ ਸਿੰਘ ਅਰੋੜਾ, ਡਾ. ਗੁਰਮੀਤ ਸਿੰਘ ਅਤੇ ਡਾ. ਸੁਖਦੇਵ ਸਿੰਘ ਵੱਲੋਂ ਯੂਨੀਵਰਸਿਟੀ ਦੀ ਬਿਹਤਰੀ ਲਈ ਦਿੱਤੇ ਵਡਮੁੱਲੇ ਸੁਝਾਅ ਅਤੇ ਸਹਿਯੋਗ ਲਈ ਧੰਨਵਾਦ ਕੀਤਾ। ਉਨ੍ਹਾਂ ਇਹ ਵੀ ਦੱਸਿਆ ਕਿ ਸੈਨੇਟ ਉਤੇ ਡਾ. ਅਵਿਨਾਸ਼ ਕੌਰ ਨਾਗਪਾਲ, ਪ੍ਰੋ. ਬੀ.ਐਸ. ਘੁੰਮਣ, ਡਾ. ਦੀਪਕ ਪੇਂਟਲ, ਡਾ. ਜਤਿੰਦਰ ਸਿੰਘ, ਡਾ. ਰੇਨੂੰ ਬਾਲਾ, ਡਾ. ਰਾਜਬੀਰ ਕੌਰ ਅਤੇ ਪ੍ਰੋ. ਐਸ.ਐਸ. ਗਿੱਲ ਦੀ ਨਵੇਂ ਮੈਂਬਰਾਂ ਵਜੋਂ ਨਿਯੁਕਤੀ ਹੋਈ ਹੈ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਉਹ ਯੂਨੀਵਰਸਿਟੀ ਦੀ ਬਿਹਤਰੀ ਲਈ ਆਪਣੇ ਵੱਡਮੁੱਲੇ ਸੁਝਾਅ ਅਤੇ ਸਹਿਯੋਗ ਦੇਂਦੇ ਰਹਿਣਗੇ।

ਉਪ-ਕੁਲਪਤੀ ਜੀ ਵੱਲੋਂ ਦੱਸਿਆ ਗਿਆ ਕਿ ਡਾ. ਸ਼ਰਨਜੀਤ ਸਿੰਘ ਢਿੱਲੋਂ ਵੱਲੋਂ ਰਜਿਸਟਰਾਰ ਦੀ ਟਰਮ ਪੂਰੀ ਹੋਣ 'ਤੇ ਮਿਤੀ 3.2.2017 (ਬਾਅਦ ਦੁਪਹਿਰ) ਤੋਂ, ਉਨ੍ਹਾਂ ਦੇ ਰਿਲੀਵ ਹੋਣ ਉਪਰੰਤ ਡਾ. ਕਰਨਜੀਤ ਸਿੰਘ ਕਾਹਲੋਂ, ਪ੍ਰੋਫੈਸਰ, ਕੰਪਿਊਟਰ ਸਾਇੰਸ ਵਿਭਾਗ ਨੂੰ ਮਿਤੀ 3.2.2017 (ਬਾਅਦ ਦੁਪਹਿਰ) ਤੋਂ ਰਜਿਸਟਰਾਰ ਦੇ ਅਹੁਦੇ ਦਾ ਐਡੀਸ਼ਨਲ ਚਾਰਜ਼ ਸੌਂਪਿਆ ਗਿਆ ਹੈ। ਡਾ. ਸ਼ਰਨਜੀਤ ਸਿੰਘ ਢਿੱਲੋਂ ਵੱਲੋਂ ਯੂਨੀਵਰਸਿਟੀ ਦੀ ਬਿਹਤਰੀ ਲਈ ਦਿੱਤੇ ਸਹਿਯੋਗ ਲਈ ਉਪ-ਕੁਲਪਤੀ ਜੀ ਨੇ ਉਨ੍ਹਾਂ ਦਾ ਧੰਨਵਾਦ ਕੀਤਾ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਡਾ. ਕਰਨਜੀਤ ਸਿੰਘ ਕਾਹਲੋਂ ਯੂਨੀਵਰਸਿਟੀ ਦੀ ਬਿਹਤਰੀ ਲਈ ਆਪਣਾ ਪੂਰਣ ਸਹਿਯੋਗ ਦੇਂਦੇ ਰਹਿਣਗੇ ਅਤੇ ਜਦੋਂ ਤੋਂ ਡਾ. ਕਾਹਲੋਂ ਨੂੰ ਰਜਿਸਟਰਾਰ ਦੇ ਅਹੁਦੇ ਦਾ ਐਡੀਸ਼ਨਲ ਚਾਰਜ਼ ਸੌਂਪਿਆ ਗਿਆ ਹੈ, ਉਦੋਂ ਤੋਂ ਹੀ ਉਹ ਆਪਣੀਆਂ ਦੋਵੇਂ ਜਿੰਮੇਵਾਰੀਆਂ ਬਾ-ਖੂਬੀ ਨਿਭਾ ਵੀ ਰਹੇ ਹਨ।

ਉਪ-ਕੁਲਪਤੀ ਜੀ ਵੱਲੋਂ ਦੱਸਿਆ ਗਿਆ ਕਿ ਉਨ੍ਹਾਂ ਨੇ ਮਾਣਯੋਗ ਗਵਰਨਰ, ਪੰਜਾਬ (ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ) ਨੂੰ ਮਿਤੀ 8.3.2017 ਤੋਂ ਘਰੇਲੂ ਕਾਰਣਾਂ ਕਰਕੇ ਅਸਤੀਫਾ ਸੌਂਪਿਆ ਹੈ ਅਤੇ ਬੇਨਤੀ ਕੀਤੀ ਹੈ ਕਿ ਉਨ੍ਹਾਂ ਨੂੰ ਉਪ-ਕੁਲਪਤੀ ਦੇ ਅਹੁਦੇ ਤੋਂ ਮਿਤੀ 31.3.2017 ਨੂੰ ਰਿਲੀਵ ਕਰ ਦਿੱਤਾ ਜਾਵੇ। ਉਪ-ਕੁਲਪਤੀ ਜੀ ਨੇ ਕਿਹਾ ਕਿ ਉਨ੍ਹਾਂ ਨੇ ਸਾਲ 2009 ਵਿਚ ਇਹ ਯੂਨੀਵਰਸਿਟੀ ਜੁਆਇੰਨ ਕੀਤੀ ਸੀ। ਇਸ ਟਰਮ ਦੌਰਾਨ ਯੂਨੀਵਰਸਿਟੀ ਦੇ ਸਮੂਹ ਅਧਿਆਪਕਾਂ, ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਉਨ੍ਹਾਂ ਨੂੰ ਮਿਲੇ ਸਹਿਯੋਗ ਲਈ, ਉਨ੍ਹਾਂ ਸਭ ਦਾ ਧੰਨਵਾਦ ਕੀਤਾ।

ਉਪਰੰਤ ਏਜੰਡੇ 'ਤੇ ਕਾਰਵਾਈ ਸ਼ੁਰੂ ਹੋਈ।

**ਸੈਨੇਟ ਦੀ ਇੱਕਤਰਤਾ ਮਿਤੀ 20.9.2016 ਦੀ ਕਾਰਵਾਈ ਦੀ ਪੁਸ਼ਟੀ।**

1. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਨੇਟ ਦੀ ਇੱਕਤਰਤਾ ਮਿਤੀ 20.9.2016 ਦੀ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

**ਸੈਨੇਟ ਦੀ ਇੱਕਤਰਤਾ ਮਿਤੀ 20.9.2016 ਦੇ ਨਿਰਣਿਆਂ 'ਤੇ ਕੀਤੀ ਕਾਰਵਾਈ ਨੋਟ ਕੀਤੀ ਗਈ।**

2. ਸੈਨੇਟ ਦੀ ਇੱਕਤਰਤਾ ਮਿਤੀ 20.9.2016 ਦੇ ਨਿਰਣਿਆਂ 'ਤੇ ਕੀਤੀ ਕਾਰਵਾਈ (**ਅੰਤਿਕਾ** ਅਨੁਸਾਰ) **ਨੋਟ** ਕੀਤੀ ਗਈ।

**ਮਾਲੀ ਸਾਲ 2017-18 ਦੇ ਬੱਜਟ ਅਨੁਮਾਨਾਂ ਦੀ ਪਰਵਾਨਗੀ।**

3. ਮਾਲੀ ਸਾਲ 2017-18 ਲਈ ਯੂਨੀਵਰਸਿਟੀ ਦੇ ਬੱਜਟ ਅਨੁਮਾਨ ਉਤੇ ਵਿਚਾਰ ਹੋਈ।

ਰਜਿਸਟਰਾਰ ਸਾਹਿਬ ਨੇ ਮਾਲੀ ਸਾਲ 2017-18 ਦੇ ਬੱਜਟ ਅਨੁਮਾਨਾਂ ਸਬੰਧੀ ਵੇਰਵਾ ਦਿੱਤਾ। ਇਸ ਸਬੰਧੀ ਮੈਂਬਰ ਸਾਹਿਬਾਨ ਨੂੰ ਹੇਠ ਲਿਖੇ ਅਨੁਸਾਰ ਨੋਟ ਪੇਸ਼ ਕੀਤਾ ਗਿਆ:-

**ਸਾਲ 2016-17 ਦਾ ਲੇਖਾ ਜੋਖਾ**

ਸਾਲ 2016-17 ਦਾ ਮੂਲ ਬਜਟ 75 ਕਰੋੜ 07 ਲੱਖ 84 ਹਜ਼ਾਰ ਰੁਪਏ ਦੀ ਵਾਫਰ (surplus) ਮੁਢਲੀ ਬਕਾਇਆ ਨਾਲ ਸ਼ੁਰੂ ਕੀਤਾ ਗਿਆ ਸੀ, ਜਦਕਿ ਇਸੇ ਸਾਲ ਦੇ ਸੋਧੇ ਬਜਟ ਅਨੁਮਾਨ ਵਿਚ ਵਾਫਰ (surplus) ਮੁਢਲੀ ਬਕਾਇਆ ਵੱਧ ਕੇ 126 ਕਰੋੜ 58 ਲੱਖ 99 ਹਜ਼ਾਰ ਰੁਪਏ ਹੋਵੇਗਾ। ਸਾਲ 2016-17 ਦਾ ਮੂਲ ਬਜਟ 378 ਕਰੋੜ 20 ਲੱਖ 59 ਹਜ਼ਾਰ ਰੁਪਏ ਦਾ ਪੇਸ਼ ਕੀਤਾ ਗਿਆ ਸੀ, ਜੋ ਕਿ ਖਰਚੇ ਨੂੰ ਘਟਾ ਕੇ ਸੋਧੇ ਬਜਟ ਅਨੁਮਾਨਾਂ ਵਿਚ 324 ਕਰੋੜ 64 ਲੱਖ 23 ਹਜ਼ਾਰ ਰੁਪਏ ਕਰ ਦਿੱਤਾ ਗਿਆ ਹੈ, ਤਾਂ ਜੋ ਅਗਲੇ ਸਾਲ ਦੇ ਵਧੇ ਹੋਏ ਖਰਚਿਆਂ ਦੀ ਪੂਰਤੀ ਲਈ ਵੱਧ ਤੋਂ ਵੱਧ ਰਾਸ਼ੀ ਉਪਲਬਧ ਹੋ ਸਕੇ। ਇਸ ਸਾਲ ਦੇ ਅੰਤ ਤੱਕ ਪੰਜਾਬ ਸਰਕਾਰ ਵਲੋਂ ਬਤੌਰ ਨਿਰਬਾਹ ਗ੍ਰਾਂਟ ਸਮੇਤ ਕਾਂਸਟੀਚਿਊਂਟ ਕਾਲਜਿਜ਼ 49 ਕਰੋੜ 54 ਲੱਖ 85 ਹਜ਼ਾਰ ਰੁਪਏ ਪ੍ਰਾਪਤ ਹੋਣ ਦੀ ਆਸ ਹੈ। ਯੂਨੀਵਰਸਿਟੀ ਦੇ ਆਪਣੇ ਵਸੀਲਿਆਂ ਤੋਂ ਪ੍ਰਾਪਤ ਹੋਣ ਵਾਲੀ ਆਮਦਨ 185 ਕਰੋੜ 86 ਲੱਖ 83 ਹਜ਼ਾਰ ਰੁਪਏ ਦਾ ਅੰਦਾਜਾ ਲਗਾਇਆ ਗਿਆ ਸੀ ਜਦਕਿ ਸੋਧੇ ਅਨੁਮਾਨਾਂ ਵਿਚ ਪ੍ਰਾਪਤ ਹੋਣ ਵਾਲੀ ਆਮਦਨ 174 ਕਰੋੜ 91 ਲੱਖ 47 ਹਜ਼ਾਰ ਰੁਪਏ ਹੋਣ ਦੀ ਆਸ ਹੈ। ਇਸ ਸਾਲ ਆਮਦਨ ਵਿਚ ਕਮੀ ਯੂਨੀਵਰਸਿਟੀ ਵਿਖੇ ਟੈਕਨੀਕਲ ਕੋਰਸਾਂ ਵਿਚ

ਵਿਦਿਆਰਥੀਆਂ ਦੇ ਘੱਟ ਦਾਖਲ ਹੋਣ ਕਾਰਨ ਆਈ ਹੈ। ਇਸ ਤਰ੍ਹਾਂ ਸਾਲ 2016-17 ਦੌਰਾਨ ਆਪਣੇ ਵਸੀਲਿਆਂ ਤੋਂ ਪ੍ਰਾਪਤ ਹੋਣ ਵਾਲੀ ਆਮਦਨ ਵਿਚ ਤਕਰੀਬਨ 11 ਕਰੋੜ ਰੁਪਏ ਦੀ ਕਮੀ ਆਉਣ ਕਾਰਨ ਅਤੇ ਖਰਚੇ ਵਿਚ ਤਕਰੀਬਨ 54 ਕਰੋੜ ਰੁਪਏ ਦੀ ਕਮੀ ਕਰਦਿਆਂ ਹੋਇਆਂ ਸਾਲ 2016-17 ਦੇ ਬਜਟ ਦਾ ਅੰਤ 26 ਕਰੋੜ 41 ਲੱਖ 08 ਹਜ਼ਾਰ ਰੁਪਏ ਦੀ ਵਾਫਰ (surplus) ਰਕਮ ਨਾਲ ਕੀਤਾ ਗਿਆ ਹੈ।

**ਸਾਲ 2017-18 ਦੇ ਬਜਟ ਅਨੁਮਾਨ**

ਸਾਲ 2017-18 ਦਾ ਬਜਟ 26 ਕਰੋੜ 41 ਲੱਖ 08 ਹਜ਼ਾਰ ਰੁਪਏ ਦੀ ਵਾਫਰ (surplus) ਰਕਮ ਨਾਲ ਸ਼ੁਰੂ ਹੁੰਦਾ ਹੈ। ਸਾਲ 2017-18 ਦੌਰਾਨ ਪ੍ਰਵਾਨਿਤ ਅਸਾਮੀਆਂ ਦੀ ਸੈਲਰੀ ਦਾ ਅਨੁਮਾਨਤ ਖਰਚਾ 207 ਕਰੋੜ ਰੁਪਏ ਸਲਾਨਾ ਦਾ ਹੋਵੇਗਾ। ਪੰਜਾਬ ਸਰਕਾਰ ਵਲੋਂ ਜਾਰੀ ਕੀਤੇ ਜਾਣ ਵਾਲੇ ਮਹਿੰਗਾਈ ਭੱਤੇ ਅਤੇ ਹੋਰ ਭੱਤਿਆਂ ਵਿਚ ਹੋਣ ਵਾਲੇ ਵਾਧੇ ਲਈ 12 ਕਰੋੜ ਰੁਪਏ ਅਤੇ 30 ਕਰੋੜ ਰੁਪਏ ਦੀ ਰਾਸ਼ੀ ਸੋਧੇ ਜਾਣ ਵਾਲੇ ਤਨਖਾਹ ਸਕੇਲਾਂ ਲਈ ਬਜਟ ਵਿਚ ਸ਼ਾਮਲ ਕੀਤੀ ਗਈ ਹੈ। ਕੁਲ ਮਿਲਾ ਕੇ ਖਰਚੇ ਦੀ ਰਕਮ 438 ਕਰੋੜ 87 ਲੱਖ 81 ਹਜ਼ਾਰ ਰੁਪਏ ਹੋਵੇਗੀ।

ਸਾਲ 2017-18 ਦੌਰਾਨ ਪੰਜਾਬ ਸਰਕਾਰ ਵਲੋਂ ਬਤੌਰ ਨਿਰਬਾਹ ਗ੍ਰਾਂਟ ਸਮੇਤ ਕਾਂਸਟੀਚਿਊਂਟ ਕਾਲਜਿਜ਼ 49 ਕਰੋੜ 54 ਲੱਖ 85 ਹਜ਼ਾਰ ਰੁਪਏ ਪ੍ਰਾਪਤ ਹੋਣ ਦੀ ਆਸ ਹੈ। ਫੀਸਾਂ ਆਦਿ ਤੋਂ ਪ੍ਰਾਪਤ ਹੋਣ ਵਾਲੀ 185 ਕਰੋੜ 50 ਲੱਖ 84 ਹਜ਼ਾਰ ਰੁਪਏ ਦੀ ਆਮਦਨ ਨੂੰ ਮਿਲਾ ਕੇ ਕੁਲ 235 ਕਰੋੜ 5 ਲੱਖ 69 ਹਜ਼ਾਰ ਰੁਪਏ ਦੀ ਆਮਦਨ ਹੋਣ ਦਾ ਅਨੁਮਾਨ ਹੈ।

ਇਸ ਤਰ੍ਹਾਂ ਸਾਲ 2017-18 ਦੇ ਬਜਟ ਵਿਚ 177 ਕਰੋੜ 41 ਲੱਖ 4 ਹਜ਼ਾਰ ਰੁਪਏ ਦੇ ਘਾਟੇ ਦਾ ਅਨੁਮਾਨ ਹੈ। ਇਸ ਘਾਟੇ ਦੀ ਪੂਰਤੀ ਹਿੱਤ ਇਹ ਕੋਸ਼ਿਸ਼ ਕੀਤੀ ਜਾਵੇਗੀ ਕਿ ਵੱਖ ਵੱਖ ਮੱਦਾਂ ਅਧੀਨ ਖਰਚਾ ਇਸ ਸਾਲ ਦੌਰਾਨ ਪ੍ਰਾਪਤ ਹੋਣ ਵਾਲੀ ਆਮਦਨ ਦੀ ਅਸਲ ਰਕਮ ਨੂੰ ਸਾਮ੍ਹਣੇ ਰੱਖ ਕੇ ਕੀਤਾ ਜਾਵੇ।

ਸਾਲ 2017-18 ਦੇ ਬਜਟ ਅਨੁਮਾਨ ਦੀ ਕੁਲ 438 ਕਰੋੜ 87 ਲੱਖ 81 ਹਜ਼ਾਰ ਰੁਪਏ ਦੀ ਰਾਸ਼ੀ ਵਿਚੋਂ ਕੀਤੇ ਜਾਣ ਵਾਲੇ ਖਰਚ ਦਾ ਪ੍ਰਤੀਸ਼ਤ ਇਸ ਤਰ੍ਹਾਂ ਹੋਵੇਗਾ:

| | | |
|---|---|---|
| 1) | ਅਧਿਆਪਨ, ਅਲਾਈਡ ਅਧਿਆਪਨ, ਖੋਜ ਅਤੇ ਸਿਖਿਆ ਦਾ ਸੁਧਾਰ | 51.99 % |
| 2) | ਨਾਨ-ਟੀਚਿੰਗ ਵਿਭਾਗ<br>(ਹੋਸਟਲ, ਪਬਲੀਕੇਸ਼ਨ, ਐਸਟੇਟ, ਉਸਾਰੀ, ਐਨ.ਐਸ.ਐਸ., ਲੈਂਡਸਕੇਪ, ਗੈਸਟ ਹਾਊਸ, ਲੋਕ ਸੰਪਰਕ, ਸਿਹਤ ਕੇਂਦਰ) | 12.17 % |
| 3) | ਜਨਰਲ ਐਡਮਿਨੀਸਟਰੇਸ਼ਨ | 10.29 % |
| 4) | ਪ੍ਰੀਖਿਆਵਾਂ ਦਾ ਸੰਚਾਲਨ | 4.51 % |
| 5) | ਆਮ ਮੱਦਾਂ (ਟੀਚਿੰਗ ਅਤੇ ਨਾਨ-ਟੀਚਿੰਗ)<br>(ਸੇਵਾ-ਮੁਕਤੀ ਲਾਭ, ਵਹੀਕਲਜ਼, ਪ੍ਰਿੰਟਿੰਗ, ਲੀਗਲ ਖਰਚੇ, ਪੀ.ਏ.ਬੀ.ਐਕਸ., ਐਡਵਰਟਾਈਜ਼ਮੈਂਟ, ਇਨਸ਼ੋਰੈਂਸ, ਵਿਭਾਗਾਂ ਦਾ ਆਧੁਨੀਕਰਨ) | 14.06 % |
| 6) | ਇਮਾਰਤਾਂ ਦੀ ਉਸਾਰੀ | 6.98 % |

ਸਾਲ 2016-17 ਦੌਰਾਨ ਹੋਣਹਾਰ ਅਤੇ ਲੋੜਵੰਦ ਵਿਦਿਆਰਥੀਆਂ ਦੀ ਆਰਥਿਕ ਮਦਦ ਲਈ 4 ਕਰੋੜ 79 ਲੱਖ 44 ਹਜ਼ਾਰ ਰੁਪਏ ਦੀ ਟਿਊਸ਼ਨ ਫੀਸ (Full/Half) ਦਾ ਕਨਸੈਸ਼ਨ ਦਿੱਤਾ ਗਿਆ। ਇਸ ਤੋਂ ਇਲਾਵਾ ਸਕਾਲਰਸ਼ਿਪ ਵਜੋਂ ਅਤੇ ਅਪਾਹਿਜ ਵਿਦਿਆਰਥੀਆਂ ਦੀ ਮਦਦ ਹਿੱਤ 11 ਲੱਖ 86 ਹਜ਼ਾਰ ਰੁਪਏ ਦੀ ਰਾਸ਼ੀ ਰਲੀਜ਼ ਕੀਤੀ ਗਈ। "Post Matric Scholarship to SC student" ਸਕੀਮ ਅਧੀਨ ਅਨੁਸੂਚਿਤ ਜਾਤੀ ਦੇ 1092 ਵਿਦਿਆਰਥੀਆਂ ਦਾ 6 ਕਰੋੜ 16 ਲੱਖ 81 ਹਜ਼ਾਰ ਰੁਪਏ ਦਾ ਫੀਸ ਕਲੇਮ ਪੰਜਾਬ ਸਰਕਾਰ ਨੂੰ ਭੇਜਿਆ ਜਾ ਚੁੱਕਾ ਹੈ। ਇਸ ਤਰ੍ਹਾਂ "Post Matric Scholarship to OBC student" ਸਕੀਮ ਅਧੀਨ ਹੋਰ ਪਛੜੀ ਜਾਤੀਆਂ ਦੇ ਕੁਲ 55 ਵਿਦਿਆਰਥੀਆਂ ਦਾ 35 ਲੱਖ 13 ਹਜ਼ਾਰ ਰੁਪਏ ਦਾ ਕੁਲ ਕਲੇਮ (ਫੀਸ ਅਤੇ ਵਜ਼ੀਫਾ) ਪੰਜਾਬ ਸਰਕਾਰ ਨੂੰ ਭੇਜਿਆ ਜਾ ਚੁੱਕਾ ਹੈ। ਇਸ ਤੋਂ ਛੁੱਟ "Post Matric Scholarship to Minority Community & Merit cum Means" ਸਕੀਮ ਅਧੀਨ ਲਗਭਗ 200 ਵਿਦਿਆਰਥੀਆਂ ਦੇ ਫਾਰਮ ਆਨਲਾਈਨ ਸਰਕਾਰ ਪਾਸ ਭੇਜੇ ਜਾ ਚੁੱਕੇ ਹਨ। ਯੂਨੀਵਰਸਿਟੀ ਵਲੋਂ ਗਰੀਬ ਵਰਗ ਦੇ ਵਿਦਿਆਰੀਥਆਂ ਦੀ ਹਰ ਪੱਖ ਤੋਂ ਮਦਦ ਕਰਨ ਦੀ ਕੋਸ਼ਿਸ ਕੀਤੀ ਜਾ ਰਹੀ ਹੈ ਤਾਂ ਜੋ ਉਚੇਰੀ ਵਿਦਿਆ ਹਾਸਲ ਕਰਕੇ ਦੇਸ਼ ਦੀ ਤਰੱਕੀ ਵਿਚ ਆਪਣਾ ਯੋਗਦਾਨ ਪਾ ਸਕਣ।

ਵਿਦਿਆਰਥੀਆਂ ਨੂੰ ਕਿੱਤਾ-ਮੁਖੀ ਕੋਰਸਾਂ ਵਿਚ ਵੱਧ ਤੋਂ ਵੱਧ ਮੌਕੇ ਪ੍ਰਾਪਤ ਹੋਣ ਦੇ ਮੰਤਵ ਨਾਲ ਯੂਨੀਵਰਸਿਟੀ ਵਿਖੇ ਸਥਾਪਿਤ ਕੀਤੇ ਜਾ ਰਹੇ University Institute of Technology (UIT) ਲਈ ਸਾਲ 2017-18 ਦੇ ਬਜਟ ਵਿਚ Civil, Mechanical, Electrical ਅਤੇ Chemical Engineering ਦੇ ਵਿਭਾਗਾਂ ਲਈ ਅਸਾਮੀਆਂ ਅਤੇ ਹੋਰ ਦੂਸਰੀਆਂ ਵਿੱਤੀ ਵਿਵਸਥਾਵਾਂ ਕੀਤੀਆਂ ਗਈਆਂ ਹਨ।

ਸਾਲ 2016 ਦੌਰਾਨ (ਮਿਤੀ 01-01-2016 ਤੋਂ ਮਿਤੀ 31-12-2016 ਤੱਕ) ਯੂਨੀਵਰਸਿਟੀ ਦੇ ਵੱਖ ਵੱਖ ਵਿਭਾਗਾਂ ਵਿਚੋਂ ਵਿਦਿਆ ਪ੍ਰਾਪਤ ਕਰਨ ਉਪਰੰਤ ਕੁਲ 674 ਵਿਦਿਆਰਥੀਆਂ ਦੀ ਪਲੇਸਮੈਂਟ ਭਾਰਤ ਅਤੇ ਵਿਦੇਸ਼ਾਂ ਦੀਆਂ ਉੱਚੀਆਂ ਕੰਪਨੀਆਂ ਵਿਚ ਹੋਈ ਹੈ।

ਕਾਲਜ ਵਿਦਿਆਰਥੀਆਂ ਨੂੰ ਸਪੋਰਟਸ ਅਤੇ ਕਲਚਰਲ ਗਤੀਵਿਧੀਆਂ ਵਿਚ ਵੱਧ ਤੋਂ ਵੱਧ ਭਾਗ ਲੈਣ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਇਨ੍ਹਾਂ ਯਤਨਾਂ ਸਦਕਾ ਯੂਨੀਵਰਸਿਟੀ ਨੇ ਕਾਨਪੁਰ ਵਿਖੇ ਆਯੋਜਿਤ ਹੋਏ ਨਾਰਥ ਜ਼ੋਨ ਅੰਤਰ-ਯੂਨੀਵਰਸਿਟੀ ਯੂਥ ਫੈਸਟੀਵਲ ਵਿਚ ਓਵਰਆਲ ਰਨਰਜ਼-ਅੱਪ ਟਰਾਫੀ ਅਤੇ ਸੰਗੀਤ ਟਰਾਫੀ ਜਿੱਤੀ। ਇਸ ਤੋ ਇਲਾਵਾ ਕੋਹਲਾਪੁਰ ਵਿਖੇ ਆਯੋਜਿਤ ਹੋਏ ਅੰਤਰ-ਯੂਨੀਵਰਸਿਟੀ ਨੈਸ਼ਨਲ ਯੂਥ ਫੈਸਟੀਵਲ ਵਿਚ ਓਵਰਆਲ ਸੈਕੰਡ ਰਨਰਜ਼-ਅੱਪ ਟਰਾਫੀ ਅਤੇ ਸੰਗੀਤ ਟਰਾਫੀ ਜਿੱਤੀ।

ਯੂਨੀਵਰਸਿਟੀ ਅਤੇ ਇਸ ਦੇ ਕਾਲਜ ਵਿਦਿਆਰਥੀਆਂ ਵਲੋਂ ਖੇਡਾਂ ਦੇ ਖੇਤਰ ਵਿੱਚ ਵੀ ਮੱਲਾਂ ਮਾਰੀਆਂ ਜਾ ਰਹੀਆਂ ਹਨ। ਰਾਇਪੁਰ ਵਿਚ ਮਿਤੀ 11-14 ਜਨਵਰੀ, 2017 ਨੂੰ ਹੋਏ Senior National Fencing (M&W) Championship ਵਿਚ 3 ਸੋਨੇ ਦੇ, 6 ਚਾਂਦੀ ਦੇ ਅਤੇ 3 ਕਾਂਸੇ ਦੇ ਤਗਮੇ ਜਿੱਤੇ। ਇਸ ਤੋਂ ਇਲਾਵਾ ਚੇਨਈ ਵਿਚ ਮਿਤੀ 26-28

ਫਰਵਰੀ ਨੂੰ ਹੋਈ Senior National Judo (M&W) Championship ਵਿਚ 1 ਸੋਨੇ ਦਾ ਅਤੇ 2 ਕਾਂਸੇ ਦੇ ਤਗਮੇ ਜਿੱਤੇ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਮਿਤੀ 23-26 ਫਰਵਰੀ, 2017 ਨੂੰ ਹੋਈ All India Inter-University Power Lifting (M&W) Championship ਵਿਚ ਇਸ ਯੂਨੀਵਰਸਿਟੀ ਦੇ ਖਿਡਾਰੀਆਂ ਵਲੋਂ 2 ਕਾਂਸੇ ਦੇ ਤਗਮੇ ਜਿੱਤੇ।

ਯੂਨੀਵਰਸਿਟੀ ਨੂੰ UPE ਦਾ Status ਪ੍ਰਾਪਤ ਹੋਣ ਕਰਕੇ ਇਸ ਵੇਲੇ ਲਗਭਗ 240 Full-Time Non NET Ph.D. Scholars, ਜਿਨ੍ਹਾਂ ਨੂੰ ਕਿਸੇ ਹੋਰ ਸੋਮੇ ਤੋਂ Fellowship ਨਹੀਂ ਮਿਲ ਰਹੀ, ਨੂੰ 8000 ਰੁਪਏ ਪ੍ਰਤੀ ਮਹੀਨਾ ਦੀ Fellowship ਅਤੇ 10000 ਰੁਪਏ ਸਾਇੰਸ ਵਿਸ਼ੇ ਅਤੇ 8000 ਰੁਪਏ ਆਰਟਸ ਵਿਸ਼ੇ ਲਈ ਪ੍ਰਤੀ ਸਾਲ Contingency ਦਿੱਤੀ ਜਾ ਰਹੀ ਹੈ।

ਯੂਨੀਵਰਸਿਟੀ ਨੂੰ ਬਾਹਰਵੀਂ ਪਲਾਨ ਅਧੀਨ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਵਲੋਂ Development Assistance Scheme ਵਾਸਤੇ 26 ਕਰੋੜ 31 ਲੱਖ ਰੁਪਏ ਦੀ ਰਾਸ਼ੀ ਐਲੋਕੇਟ ਕੀਤੀ ਗਈ ਹੈ। ਜਿਸ ਵਿਚ 10 ਕਰੋੜ ਰੁਪਏ ਦੀ ਰਾਸ਼ੀ Non-NET Ph.D. Research Scholar ਦੀ Fellowship/Contingency ਲਈ ਸ਼ਾਮਲ ਹੈ। 26 ਕਰੋੜ 31 ਲੱਖ ਰੁਪਏ ਦੀ ਪ੍ਰਵਾਨਤ ਰਾਸ਼ੀ ਵਿਚੋਂ ਸਾਲ 2012-13 ਅਤੇ 2013-14 ਦੌਰਾਨ 10 ਕਰੋੜ 52 ਲੱਖ 40 ਹਜਾਰ ਰੁਪਏ ਦੀ ਗ੍ਰਾਂਟ ਪ੍ਰਾਪਤ ਹੋ ਚੁੱਕੀ ਹੈ। UGC ਵਲੋਂ ਸਾਲ 2015-16 ਦੌਰਾਨ 10 ਕਰੋੜ 52 ਲੱਖ 40 ਹਜਾਰ ਰੁਪਏ ਦੀ ਅਗਲੀ ਕਿਸ਼ਤ ਵੀ ਪ੍ਰਾਪਤ ਹੋ ਚੁੱਕੀ ਹੈ।

ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਵਲੋਂ DRS-SAP ਸਕੀਮ (01-04-2015 ਤੋਂ 31-03-2020) ਤਹਿਤ ਸਾਲ 2015-16 ਦੌਰਾਨ Botanical & Environmental Sciences ਵਿਭਾਗ ਨੂੰ 1 ਕਰੋੜ 7 ਲੱਖ ਰੁਪਏ ਅਤੇ Physics ਵਿਭਾਗ ਨੂੰ 64 ਲੱਖ ਰੁਪਏ ਦੀ ਗ੍ਰਾਂਟ ਪ੍ਰਾਪਤ ਹੋ ਚੁੱਕੀ ਹੈ। ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਵਲੋਂ SAP DRS III ਸਕੀਮ ਤਹਿਤ ਸਾਲ 2015-16 ਦੌਰਾਨ Punjab School of Economics ਨੂੰ 90 ਲੱਖ 50 ਹਜ਼ਾਰ ਰੁਪਏ, School of Punjabi Studies ਨੂੰ 61 ਲੱਖ 95 ਹਜ਼ਾਰ ਰੁਪਏ ਅਤੇ Sociology ਵਿਭਾਗ ਨੂੰ 84 ਲੱਖ ਰੁਪਏ ਦੀ ਗ੍ਰਾਂਟ ਪਰਵਾਨ ਹੋਈ ਹੈ। Zoology ਵਿਭਾਗ ਨੂੰ ਸਾਲ 2016-17 ਦੌਰਾਨ 80 ਲੱਖ ਰੁਪਏ ਅਤੇ University Business School ਨੂੰ 33 ਲੱਖ 75 ਹਜ਼ਾਰ ਰੁਪਏ ਦੀ ਗ੍ਰਾਂਟ ਪ੍ਰਵਾਨ ਹੋਈ ਹੈ।

ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਵਲੋਂ CAS-II Under SAP ਸਕੀਮ (01-04-2015 ਤੋਂ 31-03-2020) ਤਹਿਤ ਸਾਲ 2015-16 ਦੌਰਾਨ Chemistry ਵਿਭਾਗ ਨੂੰ ਬਜਟ ਮੱਦ "Recurring Grant" ਸਬੰਧੀ 10 ਲੱਖ ਰੁਪਏ ਦੀ ਗ੍ਰਾਂਟ ਪ੍ਰਾਪਤ ਹੋ ਚੁੱਕੀ ਹੈ। ਬਜਟ ਮੱਦ "Non-Recurring Grant" ਸਬੰਧੀ 2 ਕਰੋੜ 50 ਲੱਖ ਰੁਪਏ ਦੀ ਗ੍ਰਾਂਟ ਸਾਲ 2016-17 ਵਿੱਚ ਪ੍ਰਾਪਤ ਹੋ ਚੁੱਕੀ ਹੈ।

ਵੱਖ ਵੱਖ ਵਿਭਾਗਾਂ ਵਿਚ ਕੰਮ ਕਰ ਰਹੇ ਅਧਿਆਪਕ ਸਾਹਿਬਾਨਾਂ ਨੂੰ ਵੱਖ ਵੱਖ ਏਜੰਸੀਆਂ ਵਲੋਂ ਪ੍ਰੋਜੈਕਟਾਂ ਲਈ ਇਸ ਸਾਲ (2016-17) ਦੌਰਾਨ 24 ਕਰੋੜ 2 ਲੱਖ 46

ਹਜ਼ਾਰ ਰੁਪਏ ਦੀ ਗ੍ਰਾਂਟ ਪ੍ਰਵਾਨ ਹੋਈ ਹੈ।

ਵੱਖ-ਵੱਖ Funding Agencies ਪਾਸੋਂ ਅੱਲਗ-ਅਲੱਗ ਸਕੀਮਾਂ ਅਧੀਨ ਪ੍ਰਾਪਤ ਗ੍ਰਾਂਟਾਂ ਵਿੱਚ ਲੱਗਭਗ 500 Research Scholars ਵੱਖ-ਵੱਖ ਵਿਸ਼ਿਆਂ ਤੇ Research ਦਾ ਕੰਮ ਕਰ ਰਹੇ ਹਨ।

ਯੂ.ਜੀ.ਸੀ. ਵਲੋਂ Human Resource Development Centre ਲਈ ਪ੍ਰਵਾਨਿਤ 1 ਕਰੋੜ ਰੁਪਏ ਪ੍ਰਤੀ ਸਾਲ ਦੀ ਗ੍ਰਾਂਟ ਵਿਚੋਂ ਸਾਲ 2015-16 ਦੌਰਾਨ 50 ਲੱਖ ਰੁਪਏ ਦੀ ਗ੍ਰਾਂਟ ਪ੍ਰਾਪਤ ਹੋ ਚੁੱਕੀ ਹੈ। ਸਾਲ 2015-16 ਦੀ 50 ਲੱਖ ਅਤੇ 2016-17 ਦੀ 1 ਕਰੋੜ ਰੁਪਏ ਦੀ ਗ੍ਰਾਂਟ ਯੂ.ਜੀ.ਸੀ. ਤੋਂ ਅਜੇ ਆਉਣ ਵਾਲੀ ਹੈ।

RUSA ਸਕੀਮ ਅਧੀਨ ਯੂਨੀਵਰਸਿਟੀ ਨੂੰ ਪ੍ਰਵਾਨ ਹੋਈ 10 ਕਰੋੜ ਰੁਪਏ ਦੀ ਗ੍ਰਾਂਟ ਵਿਚੋਂ ਕੁਲ 7 ਕਰੋੜ 50 ਲੱਖ ਰੁਪਏ ਦੀ ਗ੍ਰਾਂਟ ਪ੍ਰਾਪਤ ਹੋ ਚੁੱਕੀ ਹੈ। ਜਿਸ ਵਿਚੋ ਲੜਕਿਆਂ ਦੇ ਹੋਸਟਲ ਦੀ ਉਸਾਰੀ ਵਾਸਤੇ 3 ਕਰੋੜ 50 ਲੱਖ, ਪ੍ਰਬੰਧਕੀ ਬਲਾਕ ਦੀ Renovation ਅਤੇ Up-gradation ਵਾਸਤੇ 55 ਲੱਖ ਰੁਪਏ, ਭਾਈ ਗੁਰਦਾਸ ਲਾਈਬ੍ਰੇਰੀ ਦੀ Renovation ਅਤੇ Up-gradation ਵਾਸਤੇ 1 ਕਰੋੜ 50 ਲੱਖ ਰੁਪਏ, Research Journals ਦੀ ਖ੍ਰੀਦ ਲਈ 70 ਲੱਖ ਰੁਪਏ, ਨਵੀਆਂ ਕਿਤਾਬਾਂ ਦੀ ਖ੍ਰੀਦ ਲਈ 65 ਲੱਖ ਰੁਪਏ ਅਤੇ Sports ਵਿਭਾਗ ਲਈ equipments ਦੀ ਖ੍ਰੀਦ ਲਈ 60 ਲੱਖ ਰੁਪਏ ਖਰਚ ਕੀਤੇ ਜਾ ਰਹੇ ਹਨ।

UGC ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ ਦੀ ਸਥਾਪਨਾ ਲਈ 5 ਸਾਲ ਵਾਸਤੇ ਗ੍ਰਾਂਟ ਪ੍ਰਾਪਤ ਹੋਈ ਸੀ ਜਿਸ ਦੀ ਮਿਆਦ ਮਿਤੀ 31-3-2016 ਨੂੰ ਖਤਮ ਹੋ ਚੁੱਕੀ ਹੈ। ਯੂਨੀਵਰਸਿਟੀ ਦੁਆਰਾ ਬੇਨਤੀ ਕਰਨ ਉਪਰੰਤ ਇਸ ਦੀ ਬਕਾਇਆ ਰਾਸ਼ੀ ਨੂੰ Mid Term Review ਤੱਕ ਵਰਤਣ ਦੀ ਪ੍ਰਵਾਨਗੀ ਪ੍ਰਾਪਤ ਹੋ ਚੁੱਕੀ ਹੈ। UGC ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ ਦਾ Mid-Term-Review ਕਰਨ ਵਾਸਤੇ Inspection Committee ਗਠਿਤ ਕੀਤੀ ਗਈ ਸੀ। UGC ਵੱਲੋਂ ਗਠਿਤ Inspection Committee ਨੇ ਮਿਤੀ 12-12-2016 ਨੂੰ ਸੈਂਟਰ ਦਾ Mid-Term-Review ਕਰ ਲਿਆ ਹੈ।ਕਮੇਟੀ ਦੀਆਂ ਸਿਫਾਰਿਸ਼ਾਂ ਨੂੰ ਮੁੱਖ ਰੱਖਦੇ ਹੋਏ UGC ਵੱਲੋਂ ਕੇਂਦਰ ਦੀ ਮਿਆਦ ਵਿੱਚ ਵਾਧੇ ਸਬੰਧੀ ਨਿਰਣਾ ਲਿਆ ਜਾਣਾ ਹੈ।

Ministry of Social Justice & Empowerment, New Delhi ਵੱਲੋਂ Babu Jagjivan Ram Chhatrawas Yojana ਤਹਿਤ ਇੱਕ SC Girls Hostel ਵਾਸਤੇ 3 ਕਰੋੜ ਰੁਪਏ ਦੀ ਅਤੇ ਇੱਕ SC Boys Hostel ਵਾਸਤੇ 1 ਕਰੋੜ 35 ਲੱਖ ਰੁਪਏ ਦੀ ਗ੍ਰਾਂਟ ਪ੍ਰਵਾਨ ਕੀਤੀ ਗਈ ਹੈ ਜਿਸ ਵਿੱਚੋਂ 1 ਕਰੋੜ 50 ਲੱਖ ਰੁਪਏ ਦੀ ਗ੍ਰਾਂਟ SC Girls Hostel ਵਾਸਤੇ ਅਤੇ 40 ਲੱਖ 66 ਹਜ਼ਾਰ ਰੁਪਏ ਦੀ ਗ੍ਰਾਂਟ SC Boys Hostel ਵਾਸਤੇ ਪ੍ਰਾਪਤ ਹੋ ਚੁੱਕੀ ਹੈ।

Department of Science and Technology, Goverment of India, New Delhi ਵਲੋਂ DST, Purse Programme 2nd Phase ਅਧੀਨ 17 ਕਰੋੜ 05 ਲੱਖ ਰੁਪਏ ਦੀ ਗ੍ਰਾਂਟ ਪ੍ਰਵਾਨ ਹੋਈ ਹੈ। Media Lab Asia Mumbai

ਵਲੋਂ "Visvervasaya Ph.D Scheme for Electronics and IT" ਸਕੀਮ ਅਧੀਨ ਪੰਜ ਸਾਲ ਲਈ 4 Full Time Ph.D. Scholoars ਲਈ 1 ਕਰੋੜ 27 ਲੱਖ 07 ਹਜ਼ਾਰ ਰੁਪਏ ਦੀ ਗ੍ਰਾਂਟ ਪ੍ਰਵਾਨ ਹੋਈ ਹੈ।

UGC, New Delhi ਵਲੋਂ 'Development of Sports Infrastructure & Equipment in Universities' ਸਕੀਮ ਤਹਿਤ 100 Bedded Sports Hostel ਵਾਸਤੇ 1 ਕਰੋੜ 50 ਲੱਖ ਰੁਪਏ ਦੀ ਗ੍ਰਾਂਟ sanction ਕੀਤੀ ਗਈ ਸੀ ਜਿਸ ਵਿੱਚੋਂ 75 ਲੱਖ ਰੁਪਏ ਦੀ ਗ੍ਰਾਂਟ ਵਿੱਤੀ ਸਾਲ 2015-16 ਦੌਰਾਨ ਅਤੇ 60 ਲੱਖ ਰੁਪਏ ਦੀ ਗ੍ਰਾਂਟ ਸਾਲ 2016-17 ਦੌਰਾਨ ਪ੍ਰਾਪਤ ਹੋ ਚੁੱਕੀ ਹੈ।

ਪੰਜਾਬ ਸਰਕਾਰ ਵਲੋਂ ਯੂਨੀਵਰਸਿਟੀ ਨੂੰ ਪਹਿਲਾਂ ਤੋਂ ਅਲਾਟ ਕੀਤੇ ਗਏ 6 ਕਾਂਸਟੀਚਿਊਂਟ ਕਾਲਜ ਵਧੀਆ ਤਰੀਕੇ ਨਾਲ ਚਲ ਰਹੇ ਹਨ। ਸਾਲ 2016-17 ਦੌਰਾਨ ਯੂਨੀਵਰਸਿਟੀ ਨੂੰ 5 ਨਵੇਂ ਸੌਂਪੇ ਗਏ ਸਰਕਾਰੀ ਕਾਲਜ (ਪਠਾਨਕੋਟ, ਸੁਜਾਨਪੁਰ, ਫਿਲੌਰ, ਨਕੋਦਰ ਅਤੇ ਕਿਸ਼ਨਕੋਟ) ਵਿਚ ਵੀ ਸੈਸ਼ਨ 2016-17 ਤੋਂ ਵਿਦਿਆ ਦਾ ਪ੍ਰਸਾਰ ਕੀਤਾ ਜਾ ਰਿਹਾ ਹੈ ਅਤੇ ਇਹ ਨਵੇਂ ਕਾਲਜ ਵੀ ਵਿਦਿਆ ਦੇ ਵਿਸਥਾਰ ਵਿਚ ਅਹਿਮ ਭੂਮਿਕਾ ਨਿਭਾ ਰਹੇ ਹਨ।

ਯੂਨੀਵਰਸਿਟੀ ਕੈਂਪਸ, ਅੰਮ੍ਰਿਤਸਰ ਵਿਖੇ ਇਸ ਸਮੇਂ ਲੜਕੇ ਅਤੇ ਲੜਕੀਆਂ ਲਈ ਹੋਸਟਲ, ਲਾਇਬ੍ਰੇਰੀ ਇਮਾਰਤ ਦੀ ਰੈਨੋਵੇਸ਼ਨ, ਏਸ਼ੀਆ ਹਾਊਸ ਵਿਖੇ ਕਲਾਸ ਰੂਮਾਂ ਨੂੰ ਬਨਾਉਣ ਆਦਿ ਦੇ ਕੰਮ ਉਸਾਰੀ ਅਧੀਨ ਹਨ। ਇਸ ਤੋ ਇਲਾਵਾ University Institute of Technology (UIT) ਦੀ ਬਿਲਡਿੰਗ ਦੀ ਉਸਾਰੀ ਦਾ ਕੰਮ ਆਰੰਭਿਆ ਜਾ ਚੁੱਕਾ ਹੈ। ਇਸ ਤੋਂ ਛੁੱਟ ਯੂਨੀਵਰਸਿਟੀ ਵਿਖੇ ਮੁਲਾਂਕਣ ਸੈਂਟਰ ਦੀ ਇਮਾਰਤ, ਲੜਕੇ ਅਤੇ ਲੜਕੀਆਂ ਦੇ ਹੋਸਟਲ ਦੀ ਇਮਾਰਤ (ਐਸ.ਸੀ.) ਅਤੇ ਯੂਨੀਵਰਸਿਟੀ ਕੈਂਪਸ ਵਿਖੇ ਨਵੇਂ ਸਬ-ਸਟੇਸ਼ਨ ਨੂੰ ਸਥਾਪਤ ਕਰਨ ਦਾ ਕੰਮ ਵੀ ਆਰੰਭਿਆ ਜਾਣਾ ਹੈ।

ਬੱਜਟ ਬਾਰੇ ਆਮ ਬਹਿਸ ਵਿਚ ਹਿੱਸਾ ਲੈਂਦਿਆਂ ਮੈਂਬਰ ਸਾਹਿਬਾਨ ਵੱਲੋਂ ਹੇਠ ਲਿਖੇ ਅਨੁਸਾਰ ਆਪਣੇ-ਆਪਣੇ ਵਿਚਾਰ ਪੇਸ਼ ਕੀਤੇ ਗਏ:-

**ਉਪ-ਕੁਲਪਤੀ ਸਾਹਿਬ**

ਉਨ੍ਹਾਂ ਨੇ ਸਮੂਹ ਮੈਂਬਰ ਸਾਹਿਬਾਨ ਨੂੰ ਬੱਜਟ ਉਤੇ ਆਪਣੇ ਵਿਚਾਰ ਪੇਸ਼ ਕਰਨ ਲਈ ਕਿਹਾ।

**ਪ੍ਰਿੰਸੀਪਲ ਜਗਦੀਸ਼ ਸਿੰਘ**

ਉਨ੍ਹਾਂ ਕਿਹਾ ਕਿ ਬੱਜਟ ਬਹੁਤ ਹੀ ਵਧੀਆ ਹੈ। ਇਸ ਨਾਲ ਸਾਰੇ ਸਾਲ ਦੀਆਂ ਹੋਣ ਵਾਲੀਆਂ ਬੱਜਟ ਦੀਆਂ ਗਤੀ-ਵਿਧੀਆਂ ਦਾ ਪਤਾ ਚਲਦਾ ਹੈ। ਉਨ੍ਹਾਂ ਕਿਹਾ ਕਿ ਮੈਨੂੰ ਇਹ ਜਾਣ ਕੇ ਬਹੁਤ ਵੱਡਾ ਸਦਮਾ ਲੱਗਾ ਹੈ ਕਿ ਉਪ-ਕੁਲਪਤੀ ਸਾਹਿਬ ਨੇ Vice-Chancellorship ਤੋਂ ਅਸਤੀਫਾ ਦੇ ਦਿੱਤਾ ਹੈ। ਉਪ-ਕੁਲਪਤੀ ਸਾਹਿਬ ਦੀ ਸੁਚੱਜੀ

ਅਗਵਾਈ ਹੇਠ ਯੂਨੀਵਰਸਿਟੀ ਨੇ ਹਰੇਕ ਪੱਧਰ ਤੋਂ ਤਰੱਕੀ ਕੀਤੀ ਹੈ। ਉਪ-ਕੁਲਪਤੀ ਸਾਹਿਬ ਨੇ ਪਿਛਲੇ 6-7 ਸਾਲਾਂ ਤੋਂ ਯੂਨੀਵਰਸਿਟੀ ਦੇ ਵਿਕਾਸ ਲਈ ਕਾਫੀ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਸਾਡੀਆ ਸ਼ੁੱਭ ਇੱਛਾਵਾਂ ਉਨ੍ਹਾਂ ਦੇ ਨਾਲ ਹਨ। ਉਨ੍ਹਾਂ ਕਿਹਾ ਕਿ ਸਾਡੀ ਸਭ ਦੀ ਇਹ ਦਿਲੀ ਇੱਛਾ ਹੈ ਕਿ ਜੇਕਰ ਮਾਨਯੋਗ ਗਵਰਨਰ ਸਾਹਿਬ ਡਾ. ਬਰਾੜ ਸਾਹਿਬ ਨੂੰ ਇਸ ਯੂਨੀਵਰਸਿਟੀ ਦੇ ਉਪ-ਕੁਲਪਤੀ ਵਜੋਂ continue ਰੱਖ ਸਕਦੇ ਹੋਣ ਤਾਂ ਬਹੁਤ ਵਧੀਆ ਹੋਵੇਗਾ।

**ਡਾ. ਐਸ. ਐਸ. ਗਿੱਲ**

ਉਨ੍ਹਾਂ ਕਿਹਾ ਕਿ ਜਿਵੇਂ ਹੁਣੇ ਹੀ ਪ੍ਰਿੰਸੀਪਲ ਜਗਦੀਸ਼ ਸਿੰਘ, ਰਜਿਸਟਰਾਰ ਸਾਹਿਬ ਅਤੇ ਸੈਨੇਟ/ਸਿੰਡੀਕੇਟ ਦੇ ਮੈਂਬਰ ਸਾਹਿਬਾਨ ਵੱਲੋਂ ਕਿਹਾ ਗਿਆ ਹੈ ਵਾਕਿਆ ਹੀ ਬੱਜਟ ਬਹੁਤ ਵਧੀਆ ਹੈ। ਉਪ-ਕੁਲਪਤੀ ਸਾਹਿਬ ਨੇ ਅਸਤੀਫਾ ਦੇਣ ਦਾ ਫੈਸਲਾ ਅਚਾਨਕ ਹੀ ਲੈ ਲਿਆ ਹੈ। ਉਨ੍ਹਾਂ ਦੇ ਇਸ ਫੈਸਲੇ ਤੋਂ ਅਸੀਂ ਸਾਰੇ ਬਹੁਤ ਦੁਖੀ ਹਾਂ। ਉਪ-ਕੁਲਪਤੀ ਸਾਹਿਬ ਦੀ ਪਿਛਲੀ 7-8 ਸਾਲਾਂ ਦੀ ਟਰਮ ਦੌਰਾਨ, ਉਨ੍ਹਾਂ ਨੇ ਯੂਨੀਵਰਸਿਟੀ ਦਾ ਬਹੁਤ ਵਿਕਾਸ ਕੀਤਾ ਹੈ। ਯੂਨੀਵਰਸਿਟੀ ਦਾ financial status ਵੀ ਪੰਜਾਬ ਦੀਆਂ ਬਾਕੀ ਯੂਨੀਵਰਸਿਟੀਆਂ ਨਾਲੋਂ ਕਿਤੇ ਵਧੀਆ ਰਿਹਾ ਹੈ। ਇਹ ਸਭ ਕੁਝ ਡਾ. ਬਰਾੜ ਸਾਹਿਬ ਦੀਆਂ ਅਗਾਂਹਵਧੂ ਨੀਤੀਆਂ ਸਦਕਾ ਹੀ ਹੈ। ਅੱਗੇ ਤੋਂ ਵੀ ਯੂਨੀਵਰਸਿਟੀ ਦੇ ਇਸ ਪੱਧਰ ਨੂੰ ਬਰਕਰਾਰ ਰੱਖਣ ਲਈ ਅਸੀਂ ਆਸ ਕਰਦੇ ਹਾਂ ਕਿ ਪੰਜਾਬ ਸਰਕਾਰ ਸਾਡੀ ਯੂਨੀਵਰਸਿਟੀ ਨੂੰ ਸਹਿਯੋਗ ਦੇਂਦੀ ਰਹੇਗੀ।

**ਸ. ਪ੍ਰੇਮ ਸਿੰਘ**

ਉਨ੍ਹਾਂ ਕਿਹਾ ਕਿ ਸਾਨੂੰ ਇਹ ਜਾਣ ਕੇ ਬਹੁਤ ਹੀ ਨਿਰਾਸ਼ਾ ਹੋਈ ਹੈ ਕਿ ਉਪ-ਕੁਲਪਤੀ ਸਾਹਿਬ ਨੇ ਇਸ ਯੂਨੀਵਰਸਿਟੀ ਤੋਂ ਅਸਤੀਫਾ ਦੇ ਦਿੱਤਾ ਹੈ। ਇਸ ਯੂਨੀਵਰਸਿਟੀ ਨੇ ਡਾ. ਬਰਾੜ ਸਾਹਿਬ ਦੀ ਸੁਚੱਜੀ ਅਗਵਾਈ ਹੇਠ ਸਾਰੇ ਖੇਤਰਾਂ ਵਿਚ ਸਫਲਤਾ ਹਾਸਲ ਕੀਤੀ ਹੈ।

**ਡਾ. ਕਮਲਜੀਤ ਸਿੰਘ**

ਉਨ੍ਹਾਂ ਕਿਹਾ ਕਿ ਉਪ-ਕੁਲਪਤੀ ਸਾਹਿਬ ਬਹੁਤ ਹੀ ਦੂਰ-ਦ੍ਰਿਸ਼ਟੀਵਾਨ ਹਨ। ਉਨ੍ਹਾਂ ਨੇ research equipment ਦੀ ਖਰੀਦ ਕੀਤੀ ਤਾਂ ਜੋ ਯੂਨੀਵਰਸਿਟੀ ਦੀ scientific education ਦਾ ਵਿਕਾਸ ਹੋ ਸਕੇ। ਯੂਨੀਵਰਸਿਟੀ ਨੂੰ scientific education ਨਾਲ ਕਾਫੀ ਲਾਭ ਹੋਇਆ ਹੈ। ਅਸੀਂ ਉਪ-ਕੁਲਪਤੀ ਦੇ ਬਹੁਤ ਧੰਨਵਾਦੀ ਹਾਂ।

**ਪ੍ਰਿੰਸੀਪਲ ਨਾਨਕ ਸਿੰਘ**

ਉਨ੍ਹਾਂ ਕਿਹਾ ਕਿ ਜਿਵੇਂ ਕਿ ਮੇਰੇ ਸਾਥੀਆਂ ਨੇ ਯੂਨੀਵਰਸਿਟੀ ਦੀਆਂ ਪ੍ਰਾਪਤੀਆਂ ਨੂੰ ਦਰਸਾਇਆ ਹੈ, ਉਪ-ਕੁਲਪਤੀ ਸਾਹਿਬ ਇਕ ਬਹੁਤ ਹੀ ਵਧੀਆ ਪ੍ਰਬੰਧਕ ਹੋਣ ਦੇ ਨਾਲ-ਨਾਲ ਇਕ ਬਹੁਤ ਹੀ ਵਧੀਆ ਇਨਸਾਨ ਵੀ ਹਨ। ਉਨ੍ਹਾਂ ਨੇ ਬੜੇ ਹੀ ਧੀਰਜ਼ ਦੇ ਨਾਲ ਆਪਣੇ ਵਿਦਿਆਰਥੀਆਂ, ਅਧਿਆਪਕਾਂ ਅਤੇ ਕਰਮਚਾਰੀਆਂ ਦੀਆਂ ਮੁਸ਼ਕਲਾਂ ਨੂੰ ਸੁਣਿਆ ਅਤੇ ਦੂਰ ਕੀਤਾ ਹੈ। ਅਸੀਂ ਪ੍ਰਮਾਤਮਾ ਅੱਗੇ ਦੁਆ ਕਰਦੇ ਹਾਂ ਕਿ ਉਹ ਉਪ-ਕੁਲਪਤੀ ਸਾਹਿਬ ਨੂੰ ਲੰਮੀ ਉਮਰ ਅਤੇ ਚੰਗੀ ਸਿਹਤ ਬਖਸ਼ੇ।

**ਸ਼੍ਰੀ ਕੇ.ਐਸ. ਬੈਂਸ**

ਉਨ੍ਹਾਂ ਕਿਹਾ ਕਿ ਉਹ ਇਸ ਯੂਨੀਵਰਸਿਟੀ ਨਾਲ ਸਾਲ 1969 ਤੋਂ ਹੀ ਜੁੜੇ ਹੋਏ ਹਨ। ਉਨ੍ਹਾਂ ਨੇ ਸਕੱਤਰ, ਐਜੂਕੇਸ਼ਨ ਵਜੋਂ ਸੇਵਾ ਕੀਤੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਕਈ ਯੂਨੀਵਰਸਿਟੀਆਂ ਵਿਚ ਕੰਮ ਕੀਤਾ ਹੈ, ਜਦੋਂ ਉਪ-ਕੁਲਪਤੀ ਸਾਹਿਬ ਨੇ ਇਸ ਯੂਨੀਵਰਸਿਟੀ ਵਿਚ ਜੁਆਇੰਨ ਕੀਤਾ ਤਾਂ ਇੱਥੇ ਕਾਫੀ ਕਮੀਆਂ ਸਨ। ਪਰ ਉਪ-ਕੁਲਪਤੀ ਸਾਹਿਬ ਦੀ ਮਿਹਨਤ ਅਤੇ ਯੋਗ ਉਪਰਾਲਿਆਂ ਸਦਕਾ ਇਸ ਯੂਨੀਵਰਸਿਟੀ ਨੇ ਕਾਫੀ ਤਰੱਕੀ ਕੀਤੀ ਹੈ। ਉਨ੍ਹਾਂ ਕਿਹਾ ਕਿ ਉਹ ਦੁਆ ਕਰਦੇ ਹਨ ਕਿ ਪ੍ਰਮਾਤਮਾ ਉਪ-ਕੁਲਪਤੀ ਸਾਹਿਬ ਨੂੰ ਚੰਗੀ ਸਿਹਤ ਅਤੇ ਲੰਮੀ ਉਮਰ ਬਖਸ਼ਣ।

**ਡਾ. ਸੰਤੋਖ ਸਿੰਘ**

ਉਨ੍ਹਾਂ ਕਿਹਾ ਕਿ ਕਾਫੀ ਸਮਾਂ ਪਹਿਲਾਂ ਵਿਭਾਗਾਂ ਨੂੰ merge ਕਰਨ ਸਬੰਧੀ ਵਿਚਾਰਾਂ ਵਿਚ ਕਾਫੀ ਮਤਭੇਦ ਰਿਹਾ ਸੀ, ਉਪ-ਕੁਲਪਤੀ ਸਾਹਿਬ ਨੇ ਬੜੇ ਹੀ ਵਧੀਆ ਤਰੀਕੇ ਨਾਲ ਵਿਭਾਗਾਂ ਨੂੰ merge ਕੀਤਾ ਅਤੇ merging ਉਪਰੰਤ ਇਹ ਵਿਭਾਗ ਹੁਣ ਦਿਨ ਦੁੱਗਣੀ ਅਤੇ ਰਾਤ ਚੌਗੁਣੀ ਤਰੱਕੀ ਕਰ ਰਹੇ ਹਨ। ਉਨ੍ਹਾਂ ਨੇ ਖੋਜ ਦੇ ਕੰਮਾਂ ਨੂੰ ਵਧਾਉਣ ਦੇ ਮਦ-ਏ-ਨਜ਼ਰ advanced research equipment ਦੀ ਖਰੀਦ ਕੀਤੀ ਤਾਂ ਜੋ ਯੂਨੀਵਰਸਿਟੀ ਦੀ scientific education ਦਾ ਭਰਪੂਰ ਵਿਕਾਸ ਹੋ ਸਕੇ। ਉਨ੍ਹਾਂ ਨੇ ਆਪਣੀਆਂ ਸੁਚਾਰੂ ਨੀਤੀਆਂ ਸਦਕਾ ਯੂਨੀਵਰਸਿਟੀ ਦੇ ਵਿੱਤੀ ਸਿਸਟਮ ਨੂੰ ਵੀ ਕਾਫੀ ਮਜਬੂਤ ਕੀਤਾ ਹੈ।

**ਡਾ. ਅਮਰਜੀਤ ਸਿੰਘ ਸਿੱਧੂ**

ਉਨ੍ਹਾਂ ਕਿਹਾ ਕਿ ਸਮੂਹ ਮੈਂਬਰ ਸਾਹਿਬਾਨ ਨੇ ਬੱਜਟ ਉਤੇ ਚਰਚਾ ਕੀਤੀ ਹੈ ਅਤੇ ਡਾ. ਸੰਤੋਖ ਸਿੰਘ ਨੇ ਕੁਝ ਵਿਭਾਗਾਂ ਨੂੰ merge ਕਰਨ ਸਬੰਧੀ ਗੱਲ ਕੀਤੀ ਹੈ। ਉਹ ਡਾ. ਸੰਤੋਖ ਸਿੰਘ ਦੇ ਵਿਚਾਰਾਂ ਦੀ ਪ੍ਰੋੜਤਾ ਕਰਦਿਆਂ ਦੱਸਣਾ ਚਾਹੁੰਦੇ ਹਨ ਕਿ ਡਾ. ਬਰਾੜ ਸਾਹਿਬ ਵੱਲੋਂ ਪਿੱਛੇ ਜਿਹੇ ਹੀ ਕਮਰਸ ਤੇ ਬਿਜਨੈਸ ਮੈਨੇਜਮੈਂਟ ਵਿਭਾਗ ਨੂੰ ਦੋ ਹਿੱਸਿਆ ਵਿਚ ਵੰਡਿਆ ਗਿਆ ਸੀ ਅਤੇ ਯੂਨੀਵਰਸਿਟੀ ਬਿਜਨੈਸ ਸਕੂਲ ਸਥਾਪਿਤ ਕੀਤਾ ਸੀ।

ਯੂਨੀਵਰਸਿਟੀ ਦੇ ਅਪਣੇ ਸੋਮਿਆਂ ਤੋਂ ਲਗਭਗ 12 ਕਰੋੜ ਰੁਪਏ ਦੀ ਲਾਗਤ ਨਾਲ ਯੂਨੀਵਰਸਿਟੀ ਬਿਜਨੈਸ ਸਕੂਲ ਦੀ ਇਮਾਰਤ ਦੀ ਉਸਾਰੀ ਕੀਤੀ ਗਈ ਹੈ। ਯੂਨੀਵਰਸਿਟੀ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਦੇ ਮਕਸਦ ਨਾਲ ਕੰਪਿਊਟਰ ਸਾਇੰਸ ਤੇ ਇੰਜੀਅਰਿੰਗ ਵਿਭਾਗ ਨੂੰ ਵੀ ਦੋ ਵਿਭਾਗਾਂ ਵਿਚ ਵੰਡਿਆ ਗਿਆ ਹੈ ਤਾਂ ਜੋ ਵਿਦਿਆਰਥੀਆਂ ਦੀ ਗਿਣਤੀ ਵਧ ਸਕੇ। ਯੂਨੀਵਰਸਿਟੀ ਨੂੰ ਆਰਥਿਕ ਪੱਖੋਂ ਮਜ਼ਬੂਤ ਕਰਨ ਲਈ ਉਪ-ਕੁਲਪਤੀ ਸਾਹਿਬ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ। ਉਨ੍ਹਾਂ ਕਿਹਾ ਕਿ ਉਹ ਉਪ-ਕੁਲਪਤੀ ਸਾਹਿਬ ਦੀ ਲੰਮੀ ਉਮਰ ਲਈ ਦੁਆ ਕਰਦੇ ਹਨ। ਜਿਵੇਂ ਕਿ ਉਨ੍ਹਾਂ ਨੇ ਇਸ ਯੂਨੀਵਰਸਿਟੀ ਤੋਂ ਅਸਤੀਫਾ ਦੇ ਦਿੱਤਾ ਹੈ ਪਰ ਅਸੀਂ ਉਨ੍ਹਾਂ ਵੱਲੋਂ ਯੂਨੀਵਰਸਿਟੀ ਨੂੰ ਉਚਾਈਆ 'ਤੇ ਲਿਜਾਣ ਲਈ ਦਿੱਤੇ ਵਡਮੁੱਲੇ ਸਹਿਯੋਗ ਲਈ ਕਦੇ ਵੀ ਨਹੀਂ ਭੁਲਾ ਸਕਦੇ। ਉਨ੍ਹਾਂ ਕਿਹਾ ਕਿ ਇਸ ਯੂਨੀਵਰਸਿਟੀ ਨੂੰ ਉਚ ਦਰਜੇ ਤੇ ਲਿਆਉਣ ਵਿਚ ਉਪ-ਕੁਲਪਤੀ ਸਾਹਿਬ ਦਾ ਬਹੁਤ ਯੋਗਦਾਨ ਹੈ। ਇਹ ਦੇਸ਼ ਦੀਆਂ ਚੋਣਵੀਆਂ ਯੂਨੀਵਰਸਿਟੀਆਂ ਵਿਚੋਂ ਪਹਿਲੀ ਯੂਨੀਵਰਸਿਟੀ ਹੈ ਜਿਸਦੇ ਕਾਲਜ ਬਹੁਤ ਹੀ ਕੁਸ਼ਲਤਾਪੂਰਵਕ ਤਰੀਕੇ ਨਾਲ ਚਲ ਰਹੇ ਹਨ। ਯੂਨੀਵਰਸਿਟੀ ਦੇ ਕਾਂਸਟੀਚੂਐਂਟ ਕਾਲਜ ਵੀ ਬੜੀ ਸਫਲਤਾ ਪੂਰਵਕ ਚਲ ਰਹੇ ਹਨ। ਯੂਨੀਵਰਸਿਟੀ ਦੇ ਕਾਂਸਟੀਚੂਐਂਟ ਕਾਲਜ ਨਰੋਟ ਜੈਮਲ ਸਿੰਘ, ਮਿੱਠੜਾ ਅਤੇ ਬਾਕੀ ਸਰਕਾਰੀ ਕਾਲਜ ਸਥਾਪਿਤ ਕਰਨਾ ਉਪ-ਕੁਲਪਤੀ ਸਾਹਿਬ ਦੀ ਇਹ ਇਕ ਬਹੁਤ ਹੀ ਅਣਮੁੱਲੀ ਪ੍ਰਾਪਤੀ ਹੈ। ਇਹ ਸਾਰੇ ਕਾਲਜ ਰੂਰਲ ਇਲਾਕਿਆਂ ਵਿਚ ਗਰੀਬ ਵਿਦਿਆਰਥੀਆਂ ਦੀ ਸਹੂਲਤ ਨੂੰ ਮੁਖ ਰੱਖਦਿਆਂ ਸਥਾਪਿਤ ਕੀਤੇ ਗਏ ਹਨ। ਯੂਨੀਵਰਸਿਟੀ ਨਾਲ ਸੰਬੰਧਤ ਕਾਲਜ 8-9 ਜਿਲ੍ਹਿਆਂ ਵਿਚ ਸਥਾਪਿਤ ਹਨ।

**<u>ਉਪ-ਕੁਲਪਤੀ ਸਾਹਿਬ</u>**

ਉਨ੍ਹਾਂ ਸੈਨੇਟ ਦੇ ਸਮੂਹ ਮੈਂਬਰ ਸਾਹਿਬਾਨ ਦਾ ਧੰਨਵਾਦ ਕੀਤਾ ਉਨ੍ਹਾਂ ਦੱਸਿਆ ਕਿ ਜਦੋਂ ਉਨ੍ਹਾਂ ਸਾਲ 2009 ਵਿਚ ਇਹ ਯੂਨੀਵਰਸਿਟੀ ਜੁਆਇਨ ਕੀਤੀ ਸੀ ਤਾਂ ਯੂਨੀਵਰਸਿਟੀ ਦੇ ਸਿਰਫ ਦੋ ਹੀ ਰਿਜਨਲ ਕੈਂਪਸ ਸਨ। ਜਦੋਂ ਕਿ ਹੁਣ ਇਨ੍ਹਾਂ ਦੀ ਗਿਣਤੀ ਵਧ ਕੇ 4 ਹੋ ਗਈ ਹੈ ਤੇ ਯੂਨੀਵਰਸਿਟੀ ਕਾਲਜਾਂ ਦੀ ਗਿਣਤੀ ਵਿਚ ਵੀ ਵਾਧਾ ਹੋਇਆ ਹੈ। ਇਸ ਵੇਲੇ ਹੁਣ 3 ਕਾਲਜ ਚਲਾਏ ਜਾ ਰਹੇ ਹਨ। ਇਸੇ ਤਰ੍ਹਾਂ ਕਾਂਸਟੀਚੂਐਂਟ ਕਾਲਜਾਂ ਦੀ ਗਿਣਤੀ ਵਿਚ ਵੀ ਵਾਧਾ ਹੋਇਆ ਹੈ। ਇਸ ਵੇਲੇ ਯੂਨੀਵਰਸਿਟੀ ਵੱਲੋਂ 11 ਕਾਂਸਟੀਚੂਐਂਟ ਕਾਲਜ ਚਲਾਏ ਜਾ ਰਹੇ ਹਨ। ਹੁਣੇ ਹੀ ਪਿੱਛੇ ਜਿਹੇ 5 ਕਾਲਜ ਪੰਜਾਬ ਸਰਕਾਰ ਵੱਲੋਂ ਦਿੱਤੇ ਗਏ ਹਨ, ਤੇ ਇਨ੍ਹਾਂ ਲਈ ਅਜੇ ਤੱਕ ਕੋਈ ਗ੍ਰਾਂਟ ਪ੍ਰਾਪਤ ਨਹੀਂ ਹੋਈ ਹੈ। ਯੂ.ਜੀ.ਸੀ. ਵੱਲੋਂ ਮਿਲੀ ਗ੍ਰਾਂਟ ਨਾਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਭਵਨ ਦੀ ਉਸਾਰੀ ਕੀਤੀ ਗਈ ਹੈ। ਸੱਤਵੇਂ ਪੇਅ ਕਮਿਸ਼ਨ ਦੀਆਂ ਅਦਾਇਗੀਆਂ ਕਰਨ

ਲਈ ਵੀ ਫੰਡਾਂ ਦੀ ਜਰੂਰਤ ਪਵੇਗੀ।

ਉਨ੍ਹਾਂ ਆਪਣੇ ਕਾਰਜਕਾਲ ਦੌਰਾਨ ਯੂਨੀਵਰਸਿਟੀ ਦੇ ਸਮੂਹ ਅਧਿਆਪਕਾਂ, ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਮਿਲੇ ਸਹਿਯੋਗ ਲਈ ਸਭ ਦਾ ਧੰਨਵਾਦ ਕੀਤਾ।

ਸਰਬਸੰਮਤੀ ਨਾਲ **ਪਾਸ ਹੋਇਆ** ਕਿ ਮਾਲੀ ਸਾਲ 2017-18 ਲਈ ਯੂਨੀਵਰਸਿਟੀ ਦਾ ਬੱਜਟ ਅਨੁਮਾਨ ਪ੍ਰਵਾਨ ਕੀਤਾ ਜਾਂਦਾ ਹੈ।

**ਸਿੰਡੀਕੇਟ ਦੀਆਂ ਇਕੱਤਰਤਾਵਾਂ ਮਿਤੀ 20.9.2016 ਅਤੇ 14.12.2016 ਦੀਆਂ ਸਿਫਾਰਸ਼ਾਂ ਦੀ ਪ੍ਰਵਾਨਗੀ।**

4. ਸਿੰਡੀਕੇਟ ਦੀਆਂ ਹੇਠ ਲਿਖੀਆਂ ਸਿਫਾਰਸ਼ਾਂ 'ਤੇ ਵਿਚਾਰ ਹੋਈ ਕਿ:-

(ੳ) ਡੀਨ, ਫੈਕਲਟੀ ਆਫ ਵਿਜ਼ੂਅਲ ਆਰਟਸ ਐਂਡ ਪਰਫਾਰਮਿੰਗ ਆਰਟਸ ਦੀ ਸਿਫਾਰਸ਼ ਨੂੰ ਮੁੱਖ ਰੱਖਦਿਆਂ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਚੈਪਟਰ STATUTES RELATING TO PRIVATE CANDIDATES ਵਿਚ ਪੰਨਾ 153 'ਤੇ ਮੌਜੂਦ (i) 'Faculty of Visual Arts and Performing Arts' Title ਨੂੰ Delete ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ।

(ਸਿੰਡੀਕੇਟ ਪੈਰਾ 59 ਮਿਤੀ 20.9.2016)

(ਅ) ਡਾਇਰੈਕਟਰ, All India Services Pre-Examinations Training Centre for SC/ST and Centre of Preparation for Competitive Examinations ਦੀ ਸਿਫਾਰਸ਼ ਨੂੰ ਮੁੱਖ ਰੱਖਦਿਆਂ ਯੂਨੀਵਰਸਿਟੀ ਕੈਲੰਡਰ-2007, ਜਿਲਦ ਚੌਥੀ ਦੇ ਪੰਨਾ ਨੰ: 84 ਉੱਤੇ ਦਰਜ "All India Services Pre-Examinations Training Centre for SC/ST" ਦੇ ਨਾਮ ਦੀ ਸੋਧ ਹੇਠ ਲਿਖੇ ਅਨੁਸਾਰ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ:-

"All India Services Pre-Examinations Training Centre for SC/ST

and

Centre of Preparation for Competitive Examinations"

(ਸਿੰਡੀਕੇਟ ਪੈਰਾ 19 ਮਿਤੀ 14.12.2016)

(ੲ) ਪੰਜਾਬ ਰਾਜ ਵਿਚ ਖੋਲ੍ਹੇ ਜਾਣ ਵਾਲੇ ਨਵੇਂ ਡਿਗਰੀ/ ਲਾਅ/ ਫਿਜੀਕਲ ਐਜੂਕੇਸ਼ਨ ਕਾਲਜਾਂ ਲਈ ਸਰਕਾਰ ਵੱਲੋਂ ਮਿਤੀ 1.10.2003 ਰਾਹੀਂ ਜਾਰੀ ਗਾਈਡਲਾਈਨਜ਼ ਵਿਚ ਸੋਧ ਕਰਨ ਲਈ ਵਿਸ਼ੇਸ਼ ਸਕੱਤਰ, ਉਚੇਰੀ ਸਿੱਖਿਆ ਵਿਭਾਗ, ਪੰਜਾਬ ਸਰਕਾਰ ਵੱਲੋਂ ਪ੍ਰਾਪਤ ਨੋਟੀਫਿਕੇਸ਼ਨ ਨੰ: 8/31/2016/4ਸਿ1/839266/5 ਮਿਤੀ 14.9.2016 (**ਅੰਤਿਕਾ** ਅਨੁਸਾਰ) ਅਡਾਪਟ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ।

(ਸਿੰਡੀਕੇਟ ਪੈਰਾ 39 ਮਿਤੀ 14.12.2016)

**ਪਾਸ ਹੋਇਆ** ਕਿ ਸਿੰਡੀਕੇਟ ਦੀਆਂ ਉਕਤ ਸਿਫਾਰਸ਼ਾਂ ਪ੍ਰਵਾਨ ਕੀਤੀਆਂ ਜਾਂਦੀਆਂ ਹਨ।

**ਉਪ-ਕੁਲਪਤੀ ਸਾਹਿਬ ਦਾ ਬਿਆਨ।**

5. ਯੂਨੀਵਰਸਿਟੀ ਵਿਖੇ ਚੱਲ ਰਹੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਉਪ-ਕੁਲਪਤੀ ਸਾਹਿਬ ਨੇ ਦੱਸਿਆ ਕਿ :-

1. 2 ਮਾਰਚ, 2017 ਨੂੰ ਯੂਨੀਵਰਸਿਟੀ ਦੀ 43ਵੀਂ ਸਾਲਾਨਾ ਕਨਵੋਕੇਸ਼ਨ ਹੋਈ, ਜਿਸ ਵਿੱਚ ਸ੍ਰੀ ਵੀ.ਪੀ. ਸਿੰਘ ਬਦਨੌਰ, ਮਾਨਯੋਗ ਗਵਰਨਰ, ਪੰਜਾਬ ਅਤੇ ਚਾਂਸਲਰ, ਯੂਨੀਵਰਿਸਟੀ ਬਤੌਰ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਅਤੇ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਡਿਗਰੀਆਂ ਅਤੇ ਮੈਡਲ ਪ੍ਰਦਾਨ ਕੀਤੇ।

2. 18 ਅਕਤੂਬਰ, 2016 ਨੂੰ ਯੂਨੀਵਰਸਿਟੀ ਵਲੋਂ ਯੂਨੀਵਰਸਿਟੀ ਬਿਜਨੈਸ ਸਕੂਲ ਦੀ ਇਮਾਰਤ ਦਾ ਉਦਘਾਟਨ ਕੀਤਾ ਗਿਆ, ਜਿਸ ਤੇ ਕੁਲ 7.00 ਕਰੋੜ ਰੁਪਏ ਦੀ ਲਾਗਤ ਆਈ ਹੈ।

3. 18 ਅਕਤੂਬਰ, 2016 ਨੂੰ ਯੂਨੀਵਰਸਿਟੀ ਵਿਖੇ 100 ਲੜਕੀਆਂ ਦੀ ਰਿਹਾਇਸ਼ ਲਈ ਅਤੇ 144 ਲੜਕਿਆਂ ਦੀ ਰਿਹਾਇਸ਼ ਲਈ ਨਵੇਂ ਬਣੇ ਸਪੋਰਟਸ ਹੋਸਟਲਾਂ ਦਾ ਉਦਘਾਟਨ ਕੀਤਾ ਗਿਆ, ਜਿਨ੍ਹਾਂ ਤੇ ਕ੍ਰਮਵਾਰ 2.48 ਕਰੋੜ ਰੁਪਏ ਅਤੇ 3.16 ਕਰੋੜ ਰੁਪਏ ਲਾਗਤ ਆਈ ਹੈ।

4. 29 ਨਵੰਬਰ, 2016 ਨੂੰ ਯੂਨੀਵਰਸਿਟੀ ਕੈਂਪਸ ਵਿੱਚ ਲੜਕੀਆਂ ਦੇ ਹੋਸਟਲ ਦੇ ਨਾਲ ਫੂਡ ਕੋਰਟ ਅਤੇ ਕਾਮਨ ਫੂਡ ਕੋਰਟ ਦੀਆਂ ਇਮਾਰਤਾਂ ਦਾ ਨੀਂਹ ਪੱਥਰ ਰੱਖਿਆ ਗਿਆ, ਜਿਨ੍ਹਾਂ 'ਤੇ ਕ੍ਰਮਵਾਰ 2.45 ਕਰੋੜ ਰੁਪਏ ਅਤੇ 3.30 ਕਰੋੜ ਰੁਪਏ ਦੀ ਲਾਗਤ ਆਵੇਗੀ। ਇਨ੍ਹਾਂ ਦੋ ਮੰਜਿਲਾ ਫੂਡ ਕੋਰਟਾਂ ਵਿੱਚ 500 ਦੇ ਕਰੀਬ ਵਿਦਿਆਰਥੀ ਇੱਕੋ ਸਮੇਂ ਖਾਣਾ ਖਾ ਸਕਣਗੇ । ਇਸ ਤੋਂ ਇਲਾਵਾ ਯੂਨੀਵਰਸਿਟੀ ਹੈਲਥ ਸੈਂਟਰ ਵਿੱਚ ਫੇਜ਼ ਦੂਜਾ ਐਕਸਟੈਂਸ਼ਨ ਤਹਿਤ ਆਧੁਨਿਕ ਸਹੂਲਤਾਂ ਨਾਲ ਲੈਸ ਪੁਰਸ਼ਾਂ ਅਤੇ ਇਸਤਰੀਆਂ ਲਈ ਵਾਰਡ ਦਾ ਉਦਘਾਟਨ ਕੀਤਾ ਗਿਆ ।

5. 20 ਦਸੰਬਰ, 2016 ਨੂੰ ਯੂਨੀਵਰਸਿਟੀ ਕੈਂਪਸ ਵਿਖੇ ਯੂਨੀਵਰਸਿਟੀ ਇੰਸਟੀਚਿਊਟ ਆਫ ਟੈਕਨਾਲੋਜੀ ਅਤੇ ਮੁਲਾਂਕਣ ਕੇਂਦਰ ਦੀਆਂ ਇਮਾਰਤਾਂ ਦਾ ਨੀਂਹ ਪੱਥਰ ਰੱਖਿਆ ਗਿਆ। ਇਸ ਇੰਸਟੀਚਿਊਟ ਦੀ ਇਮਾਰਤ ਤੇ ਕੁੱਲ 28.00 ਕਰੋੜ ਰੁਪਏ ਲਾਗਤ ਆਏਗੀ ਅਤੇ ਮੁਲਾਂਕਣ ਕੇਂਦਰ ਦੀ ਇਮਾਰਤ ਤੇ ਕੁੱਲ 6.26 ਕਰੋੜ ਰੁਪਏ ਲਾਗਤ ਆਏਗੀ।

6. 15 ਅਕਤੂਬਰ, 2016 ਨੂੰ ਪੰਜਾਬ ਸਕੂਲ ਆਫ ਇਕਨਾਮਿਕਸ ਦੀ ਹਰਮਨਦੀਪ ਕੌਰ, ਜੋ ਕਿ ਪ੍ਰੋਫੈਸਰ ਪਰਮਜੀਤ ਨੰਦਾ ਦੀ ਪੀਐਚ.ਡੀ. ਦੀ ਵਿਦਿਆਰਥਣ ਹੈ, ਨੂੰ ਬੰਗਲੌਰ ਵਿਖੇ ਹੋਈ 38th National Unity Conference on Individual Achievements and National Development ਦੇ ਮੌਕੇ 'ਤੇ Global Economic Progress and Research Asssociation (GEPRA) ਵਲੋਂ **ਭਾਰਤ ਰਤਨ ਡਾ. ਅਬਦੁਲ ਕਲਾਮ ਗੋਲਡ ਮੈਡਲ ਐਵਾਰਡ** ਨਾਲ ਸਨਮਾਨਿਤ ਕੀਤਾ ਗਿਆ।ਇਸ ਸਨਮਾਨ ਵਿੱਚ ਗੋਲਡ ਮੈਡਲ ਤੋਂ ਇਲਾਵਾ ਇੱਕ ਸਰਟੀਫਿਕੇਟ ਅਤੇ ਟਰਾਫੀ ਸ਼ਾਮਿਲ ਹੈ ।

7. 25 ਨਵੰਬਰ ਤੋਂ 26 ਨਵੰਬਰ,2016 ਤੱਕ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਫਗਵਾੜਾ ਵਿਖੇ ਹੋਈ ਕੌਮਾਂਤਰੀ ਕਾਨਫਰੰਸ ਵਿੱਚ ਫਿਜ਼ਿਕਸ ਵਿਭਾਗ ਦੇ ਪ੍ਰੋਫੈਸਰ ਅਤੁੱਲ ਖੰਨਾ ਦੇ ਪੀਐਚ.ਡੀ. ਵਿਦਿਆਰਥੀ ਰਾਵੀਸ਼ ਕੁਮਾਰ ਨੇ ਪੋਸਟਰ ਐਵਾਰਡ ਹਾਸਿਲ ਕੀਤਾ ।

8. ਮੌਲੀਕਿਊਲਰ ਬਾਇਓਲੋਜੀ ਐਂਡ ਬਾਇਓਕੈਮਿਸਟਰੀ ਵਿਭਾਗ ਦੇ ਪ੍ਰੋਫੈਸਰ ਪੀ.ਕੇ.

ਸਹਿਜਪਾਲ ਦੀ ਪੀਐਚ.ਡੀ. ਵਿਦਿਆਰਥਣ ਅਨਵਿਤਾ ਚੌਧਰੀ ਨੂੰ ਬੀਤੇ ਦਿਨੀਂ Indian Institute of Sciences, Jawahar Lal Nehru Centre for Advanced Scientific Research ਅਤੇ Centre for Human Genetics, Bengaluru ਵਲੋਂ ਸਾਂਝੇ ਤੌਰ ਤੇ ਕਰਵਾਏ ਗਏ International Symposium on Trends in Human Genetics Research and Management ਦੇ ਮੌਕੇ 'ਤੇ Young Investigator Award ਨਾਲ ਸਨਮਾਨਿਤ ਕੀਤਾ ਗਿਆ। ਇਸ ਸਨਮਾਨ ਵਿੱਚ ਉਸ ਨੂੰ ਨਕਦ ਇਨਾਮ ਤੋਂ ਇਲਾਵਾ ਮੈਡਲ ਅਤੇ ਸ਼ੋਭਾ ਪੱਤਰ ਵੀ ਦਿੱਤਾ ਗਿਆ।

9. 8 ਦਸੰਬਰ ਤੋਂ 10 ਦਸੰਬਰ, 2016 ਤੱਕ Vellore ਵਿਖੇ ਹੋਈ International Conference on Current Trends in Biotechnology ਵਿੱਚ ਮਾਈਕਰੋਬਾਇਓਲੋਜੀ ਦੇ ਪ੍ਰੋਫੈਸਰ ਬੀ.ਐਸ. ਚੱਢਾ ਦੀ ਪੀਐਚ.ਡੀ. ਵਿਦਿਆਰਥਣ ਨੇਹਾ ਬਸੋਤਰਾ ਨੇ ਆਪਣੇ ਖੋਜ-ਪੱਤਰ ਲਈ ਬੈਸਟ ਪੋਸਟਰ ਐਵਾਰਡ ਹਾਸਿਲ ਕੀਤਾ। ਉਸਨੇ ਮੁਹਾਲੀ ਵਿਖੇ ਮਿਤੀ 15-17 ਦਸੰਬਰ,2016 ਤੱਕ ਹੋਈ Bioprocessing India 2016 Conference ਵਿੱਚ ਵੀ ਆਪਣੇ ਖੋਜ ਪੱਤਰ 'ਤੇ ਐਵਾਰਡ ਹਾਸਿਲ ਕੀਤਾ। ਹੁਣੇ ਜਿਹੇ ਉਸਨੂੰ ਭਾਰਤ ਸਰਕਾਰ ਦੇ ਬਾਇਓਟੈਕਨਾਲੋਜੀ ਵਿਭਾਗ ਅਤੇ Indo U.S. Science and Technology Forum (IUSSTF) ਵਲੋਂ Bioenergy-Awards for Cutting Edge Research (B-ACER) Internship Program ਲਈ ਚੁਣਿਆ ਗਿਆ ਹੈ, ਜਿਸ ਤਹਿਤ ਉਹ South Dakota School of Mines and Technology, USA ਵਿਖੇ ਛੇ ਮਹੀਨੇ ਦੀ Internship ਲਈ ਜਾਵੇਗੀ ।

10. ਮਿਤੀ 8 ਦਸੰਬਰ ਤੋਂ 10 ਦਸੰਬਰ, 2016 ਤੱਕ Vellore ਵਿਖੇ ਹੋਈ International Conference on Current Trends in Biotechnology ਵਿੱਚ ਮਾਈਕਰੋਬਾਇਓਲੋਜੀ ਦੇ ਡਾ. ਆਰ.ਕੇ. ਮਨਹਾਸ ਦੇ ਪੀਐਚ.ਡੀ. ਵਿਦਿਆਰਥੀ ਮਨੀਸ਼ ਮਹਾਜਨ ਨੇ ਆਪਣੇ ਖੋਜ ਪੱਤਰ ਲਈ ਬੈਸਟ ਪੋਸਟਰ ਐਵਾਰਡ ਹਾਸਿਲ ਕੀਤਾ।

11. ਫਾਰਮਾਸਿਊਟੀਕਲ ਸਾਇੰਸਜ਼ ਵਿਭਾਗ ਦੇ ਪ੍ਰੋਫੈਸਰ ਸੁਭੀਤ ਕੁਮਾਰ ਜੈਨ ਦੀ ਨਿਗਰਾਨੀ ਹੇਠ ਪੀਐਚ.ਡੀ. ਕਰ ਰਹੇ ਖੋਜਾਰਥੀ ਨਿਖਿਲ ਸਹਿਜਪਾਲ ਨੂੰ ਅਮਰੀਕਾ ਦੀ Association for Research in Vision and Ophthalmology Foundation for Eye Research ਵਲੋਂ 4000 ਯੂ.ਐਸ.ਡਾਲਰ ਦੀ Developing Country Eye Research Travel Fellowship ਪ੍ਰਦਾਨ ਕੀਤੀ ਗਈ ਹੈ, ਜਿਸ ਤਹਿਤ ਉਹ ਮਿਤੀ 7-11 ਮਈ, 2017 ਨੂੰ ਬਾਲਟੀਮੋਰ ਕਨਵੈਨਸ਼ਨ ਸੈਂਟਰ, ਬਾਲਟੀਮੋਰ, ਅਮਰੀਕਾ ਵਿਖੇ ਹੋਣ ਵਾਲੀ ਕਨਵੈਨਸ਼ਨ ਵਿੱਚ ਭਾਗ ਲਏਗਾ।

12. ਸਰੀਰਕ ਸਿੱਖਿਆ ਵਿਭਾਗ ਦੇ ਮੁੱਖੀ ਪ੍ਰੋਫੈਸਰ ਸੁਖਦੇਵ ਸਿੰਘ ਨੇ ਮਿਤੀ 21-26 ਫਰਵਰੀ ਨੂੰ ਹੈਦਰਾਬਾਦ ਵਿੱਚ ਕਰਵਾਈ ਗਈ 38ਵੀਂ ਕੌਮੀ ਮਾਸਟਰਜ਼ ਐਥਲੈਟਿਕਸ ਵਿੱਚ ਲੰਬੀ ਛਲਾਂਗ ਅਤੇ ਤਿਹਰੀ ਛਲਾਂਗ ਵਿੱਚ ਦੋ ਸੋਨੇ ਦੇ ਤੇ ਉੱਚੀ ਛਲਾਂਗ ਵਿੱਚ ਇੱਕ ਕਾਂਸੇ ਦਾ ਮੈਡਲ ਜਿੱਤਿਆ।

13. ਪੰਜਾਬ ਸਰਕਾਰ ਦੇ ਯਤਨਾਂ ਸਦਕਾ ਮਿਤੀ 1 ਨਵੰਬਰ ਤੋਂ 2 ਨਵੰਬਰ, 2016 ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ ਵਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ **'ਸ੍ਰੀ ਗੁਰੂ ਗੋਬਿੰਦ ਸਿੰਘ : ਜੀਵਨ ਅਤੇ ਉਦੇਸ਼'** ਵਿਸ਼ੇ 'ਤੇ ਦੋ ਰੋਜ਼ਾ ਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ । ਉਦਘਾਟਨੀ ਸੈਸ਼ਨ ਦੇ ਮੌਕੇ 'ਤੇ ਡਾ. ਦਲਜੀਤ ਸਿੰਘ ਚੀਮਾ, ਮਾਨਯੋਗ ਸਿੱਖਿਆ ਮੰਤਰੀ ਪੰਜਾਬ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪ੍ਰੋਫੈਸਰ ਬਲਕਾਰ ਸਿੰਘ ਨੇ ਮੁੱਖ ਭਾਸ਼ਣ ਦਿੱਤਾ। ਸੈਮੀਨਾਰ ਦੀ ਪ੍ਰਧਾਨਗੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਉਪ ਕੁਲਪਤੀ ਪ੍ਰੋਫੈਸਰ ਜਸਪਾਲ ਸਿੰਘ ਨੇ ਕੀਤੀ। ਇਸ ਦੋ ਰੋਜ਼ਾ ਸੈਮੀਨਾਰ ਵਿੱਚ ਪੰਜਾਬ, ਚੰਡੀਗੜ੍ਹ, ਦਿੱਲੀ ਅਤੇ ਕੈਨੇਡਾ ਦੇ ਤਕਰੀਬਨ 40 ਵਿਦਵਾਨਾਂ ਨੇ ਵੱਖ-ਵੱਖ

ਵਿਸ਼ਿਆਂ ਤੇ ਪਰਚੇ ਪੜ੍ਹੇ।

14. 4 ਨਵੰਬਰ ਤੋਂ 6 ਨਵੰਬਰ, 2016 ਤੱਕ ਯੂਨੀਵਰਸਿਟੀ ਵਿਖੇ **20th Annual Conference of Indian Political Economy Association** ਦਾ ਆਯੋਜਨ ਕੀਤਾ ਗਿਆ। ਉਦਘਾਟਨੀ ਸਮਾਰੋਹ ਦੇ ਮੌਕੇ 'ਤੇ ਸੈਂਟਰ ਫਾਰ ਇਕਨਾਮਿਕਸ ਸਟੱਡੀਜ਼ ਐਂਡ ਪਲਾਨਿੰਗ, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਨਵੀਂ ਦਿੱਲੀ ਦੇ ਪ੍ਰੋਫੈਸਰ ਸੀ.ਪੀ. ਚੰਦਰਸ਼ੇਖਰ ਨੇ ਕੁੰਜੀਵਤ ਭਾਸ਼ਣ ਦਿੱਤਾ ਅਤੇ ਸਮਾਪਤੀ ਸਮਾਰੋਹ ਦੇ ਮੌਕੇ 'ਤੇ ਜੀ.ਬੀ. ਪੰਤ ਸੋਸ਼ਲ ਸਾਇੰਸ ਇੰਸਟੀਚਿਊਟ, ਅਲਾਹਾਬਾਦ ਦੇ ਪ੍ਰੋਫੈਸਰ ਪ੍ਰਦੀਪ ਭਾਰਗਵਾ ਨੇ ਕੁੰਜੀਵਤ ਭਾਸ਼ਣ ਦਿੱਤਾ। ਇਸ ਕਾਨਫਰੰਸ ਵਿੱਚ ਦੇਸ਼ ਭੱਰ ਤੋਂ 150 ਦੇ ਕਰੀਬ ਅਰਥ ਸ਼ਾਸਤਰੀਆਂ ਨੇ ਹਿੱਸਾ ਲਿਆ ਅਤੇ ਚੀਨ ਤੋਂ 8 ਮੈਬਰਾਂ ਦੇ ਵਫਦ ਨੇ ਹਿੱਸਾ ਲਿਆ ਅਤੇ ਆਪਣੇ ਵਿਚਾਰ ਪੇਸ਼ ਕੀਤੇ।

15. 10 ਨਵੰਬਰ ਤੋਂ 12 ਨਵੰਬਰ, 2016 ਤੱਕ ਯੂਨੀਵਰਸਿਟੀ ਵਲੋਂ ਐਸੋਸੀਏਸ਼ਨ ਆਫ ਫੂਡ ਸਾਇੰਟਿਸਟ ਐਂਡ ਟੈਕਨਾਲੋਜਿਸਟ (ਇੰਡੀਆ) ਮੈਸੂਰ ਦੇ ਸਹਿਯੋਗ ਨਾਲ 25th Indian Convention of Food Scientists and Technologists ਕਰਵਾਈ ਗਈ, ਜਿਸ ਦਾ ਉਦਘਾਟਨ Council of Scientific and Industrial Research ਦੇ ਡਾਇਰੈਕਟਰ ਜਨਰਲ ਡਾ. ਗਿਰੀਸ਼ ਸਾਹਨੀ ਨੇ ਕੀਤਾ ਅਤੇ ਸਮਾਪਤੀ ਸਮਾਰੋਹ ਦੀ ਪ੍ਰਧਾਨਗੀ ਸੈਂਟਰਲ ਯੂਨੀਵਰਸਿਟੀ ਆਫ ਪੰਜਾਬ, ਬਠਿੰਡਾ ਦੇ ਉਪ ਕੁਲਪਤੀ, ਪ੍ਰੋਫੈਸਰ ਆਰ.ਕੇ. ਕੋਹਲੀ ਨੇ ਕੀਤੀ।ਇਸ ਕਨਵੈਨਸ਼ਨ ਵਿੱਚ ਦੇਸ਼ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਅਤੇ ਖੋਜ ਅਦਾਰਿਆਂ ਤੋਂ ਵੱਡੀ ਗਿਣਤੀ ਵਿੱਚ ਫੂਡ ਸਾਇੰਸਦਾਨਾਂ ਨੇ ਭਾਗ ਲਿਆ।

16. **ਕੈਮਿਸਟਰੀ ਵਿਭਾਗ ਦੀਆਂ ਗਤੀਵਿਧੀਆਂ:**

- 12 ਦਸੰਬਰ ਤੋਂ 21 ਦਸੰਬਰ, 2016 ਤੱਕ ਕੈਮਿਸਟਰੀ ਵਿਭਾਗ ਵਲੋਂ ਭਾਰਤ ਸਰਕਾਰ ਦੇ ਮਨੁੱਖੀ ਸਰੋਤ ਤੇ ਵਿਕਾਸ ਮੰਤਰਾਲੇ ਦੇ ਸਹਿਯੋਗ ਨਾਲ Global Initiative of Academic Network (GIAN) ਪ੍ਰੋਗ੍ਰਾਮ ਅਧੀਨ ਦੋ ਵਿਸ਼ੇਸ਼ ਕੋਰਸ ਆਯੋਜਿਤ ਕੀਤੇ ਗਏ ਜਿਸ ਵਿੱਚ ਦੇਸ਼ ਦੇ ਪ੍ਰਸਿੱਧ ਸਾਇੰਸਦਾਨਾਂ ਤੋਂ ਇਲਾਵਾ ਅੰਤਰਰਾਸ਼ਟਰੀ ਪ੍ਰਸਿੱਧੀ ਦੇ ਸਾਇੰਸਦਾਨ RWTH Aachen,Germany ਦੇ Prof. Bernhard Bluemich ਅਤੇ California University,USA ਦੇ Prof. Jeffrey A. Reimer ਲੈਕਚਰ ਦਿੱਤੇ।

- 27 ਜਨਵਰੀ ਨੂੰ ਕੈਮਿਸਟਰੀ ਵਿਭਾਗ ਵਲੋਂ **ਕੈਮੀਕਲ ਵਿਗਿਆਨਾਂ ਵਿਚ ਮੌਜੂਦਾ ਰੁਝਾਨ** ਵਿਸ਼ੇ 'ਤੇ ਇਕ ਰੋਜ਼ਾ ਸਿੰਪੋਜ਼ੀਅਮ ਕਰਵਾਇਆ ਗਿਆ, ਜਿਸ ਵਿੱਚ IISER ਦੇ ਡਾਇਰੈਕਟਰ ਪ੍ਰੋਫੈਸਰ ਐਨ.ਸਤਿਆਮੂਰਥੀ, IISER ਕੋਲਕੱਤਾ ਦੇ ਡਾਇਰੈਕਟਰ, ਪ੍ਰੋਫੈਸਰ ਆਰ.ਐਨ.ਮੁਖਰਜੀ, IISER ਭੋਪਾਲ ਦੇ ਡਾਇਰੈਕਟਰ, ਪ੍ਰੋਫੈਸਰ ਵੀ.ਕੇ. ਸਿੰਘ, ਸੀ.ਬੀ.ਐਮ.ਆਰ, ਸੰਜੇ ਗਾਂਧੀ ਪੋਸਟ ਗ੍ਰੈਜੂਏਟ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼, ਲਖਨਊ ਦੇ ਪ੍ਰੋਫੈਸਰ ਸੀ.ਐਲ. ਖੇਤਰਪਾਲ, ਆਈ.ਆਈ.ਟੀ., ਦਿੱਲੀ ਦੇ ਪ੍ਰੋਫੈਸਰ ਰਵੀ ਸ਼ੰਕਰ ਅਤੇ ਆਈ. ਆਈ.ਸੀ.ਟੀ.ਹੈਦਰਾਬਾਦ ਦੇ ਪ੍ਰੋਫੈਸਰ ਏ.ਸੀ. ਕੁੰਵਰ ਨੇ ਭਾਸ਼ਣ ਦਿੱਤੇ।

- ਮਿਤੀ 6-7 ਮਾਰਚ ਨੂੰ ਕੈਮਿਸਟਰੀ ਵਿਭਾਗ ਵਲੋਂ ਯੂ.ਜੀ.ਸੀ. ਦੇ ਸਹਿਯੋਗ ਨਾਲ **ਰਸਾਇਣ ਵਿਗਿਆਨ ਵਿੱਚ ਨਵੀਆਂ ਖੋਜਾਂ** ਵਿਸ਼ੇ 'ਤੇ ਛੇਵਾਂ ਰਾਸ਼ਟਰੀ ਸਿੰਪੋਜ਼ੀਅਮ ਕਰਵਾਇਆ ਗਿਆ, ਜਿਸ ਵਿੱਚ ਵਿਸ਼ਵ ਪ੍ਰਸਿੱਧ ਵਿਗਿਆਨੀ ਅਤੇ CSIR NIIST, Thiruvananthapuram ਦੇ ਡਾਇਰੈਕਟਰ, Dr. A. Ajayaghosh ਨੇ ਉਦਘਾਟਨੀ ਸਮਾਰੋਹ ਦੀ ਪ੍ਰਧਾਨਗੀ ਕੀਤੀ ।

17. **ਪੰਜਾਬੀ ਅਧਿਐਨ ਸਕੂਲ ਦੀਆਂ ਗਤੀਵਿਧੀਆਂ:**

- 20 ਜਨਵਰੀ ਨੂੰ ਪੰਜਾਬੀ ਦੇ ਸ਼੍ਰੋਮਣੀ ਸਾਹਿਤਕਾਰ ਬਲਵੰਤ ਗਾਰਗੀ ਦੀ ਜਨਮ ਸ਼ਤਾਬਦੀ ਨੂੰ ਸਮਰਪਿਤ **ਬਲਵੰਤ ਗਾਰਗੀ: ਜੀਵਨ ਤੇ ਰਚਨਾ ਦਾ ਗਲਪੀ ਬਿੰਬ** ਵਿਸ਼ੇ 'ਤੇ ਡਾ. ਗੋਪਾਲ ਸਿੰਘ ਪੁਰੀ ਯਾਦਗਾਰੀ ਭਾਸ਼ਣ ਕਰਵਾਇਆ ਗਿਆ, ਜਿਸ ਵਿੱਚ ਫਿਲਮ ਲੇਖਕ ਅਤੇ ਨਿਰਦੇਸ਼ਕ ਅਮਰੀਕ ਗਿੱਲ ਨੇ ਮੁੱਖ ਵਕਤਾ ਵਜੋਂ ਸ਼ਮੂਲੀਅਤ ਕੀਤੀ ।

- 24 ਜਨਵਰੀ ਨੂੰ **ਭਾਰਤੀ ਗਿਆਨ ਪਰੰਪਰਾ : ਰਿਗਵੇਦ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਤੱਕ** ਵਿਸ਼ੇ 'ਤੇ ਡਾ. ਪਰਮਜੀਤ ਸਿੰਘ ਵਾਲੀਆ ਯਾਦਗਾਰੀ ਭਾਸ਼ਣ ਕਰਵਾਇਆ ਗਿਆ ।

- 2 ਫਰਵਰੀ ਨੂੰ **ਵਿਸ਼ਵੀਕਰਨ ਅਤੇ ਪੰਜਾਬੀ ਸੱਭਿਆਚਾਰ** ਵਿਸ਼ੇ 'ਤੇ ਸਰਦਾਰਨੀ ਬਲਬੀਰ ਕੌਰ ਬਰਾੜ ਯਾਦਗਾਰੀ ਭਾਸ਼ਣ ਕਰਵਾਇਆ ਗਿਆ, ਜਿਸ ਵਿੱਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਪ੍ਰੋਫੈਸਰ ਨਾਹਰ ਸਿੰਘ ਨੇ ਮੁਖ ਵਕਤਾ ਵਜੋਂ ਹਿੱਸਾ ਲਿਆ ।

- 28 ਫਰਵਰੀ ਨੂੰ **ਵਿਸ਼ਵ ਕਲਾਸਿਕੀ ਸਾਹਿਤ: ਮਹੱਤਵ ਤੇ ਪ੍ਰਾਸੰਗਿਕਤਾ** ਵਿਸ਼ੇ 'ਤੇ ਇਕ ਰੋਜ਼ਾ ਕੌਮੀ ਕਾਨਫਰੰਸ ਕਰਵਾਈ ਗਈ, ਜਿਸ ਦੇ ਉਦਘਾਟਨੀ ਸੈਸ਼ਨ ਦੀ ਪ੍ਰਧਾਨਗੀ ਡਾ. ਰਤਨ ਸਿੰਘ ਜੱਗੀ ਨੇ ਕੀਤੀ ।

- 6 ਮਾਰਚ ਨੂੰ **ਲੋਕਧਾਰਾ ਦਾ ਅਧਿਐਨ ਅਤੇ ਅਧਿਆਪਨ : ਦ੍ਰਿਸ਼ ਅਤੇ ਦ੍ਰਿਸ਼ਟੀ** ਵਿਸ਼ੇ 'ਤੇ ਇੱਕ ਰੋਜ਼ਾ ਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ ।

18. 9 ਫਰਵਰੀ ਨੂੰ ਬੋਟੈਨੀਕਲ ਐਂਡ ਇਨਵਾਇਰਨਮੈਂਟਲ ਸਾਇੰਸਜ਼ ਵਿਭਾਗ ਵਲੋਂ **Recent Trends in Plants and Enviromental Sciences** ਵਿਸ਼ੇ 'ਤੇ ਦੋ ਰੋਜ਼ਾ ਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ 200 ਦੇ ਕਰੀਬ ਅਧਿਆਪਕਾਂ, ਖੋਜਾਰਥੀਆਂ ਅਤੇ ਵਿਦਿਆਰਥੀਆਂ ਨੇ ਭਾਗ ਲਿਆ। ਇਸ ਮੌਕੇ 'ਤੇ National Institute of Advanced Industrial Science and Technology (AIST), Japan ਦੇ Senior Scientist, ਡਾ. ਸੁਨੀਲ ਕੌਲ ਨੇ ਕੁੰਜੀਵਤ ਭਾਸ਼ਣ ਦਿੱਤਾ ।

19. 11 ਫਰਵਰੀ ਨੂੰ ਗੁਰੂ ਰਾਮ ਦਾਸ ਸਕੂਲ ਆਫ ਪਲਾਨਿੰਗ ਵਲੋਂ ਯੂ.ਜੀ.ਸੀ. ਦੇ ਸਹਿਯੋਗ ਨਾਲ **Under Graduation in Urban and Regional Planning:Retrospects and Prospects** ਵਿਸ਼ੇ 'ਤੇ ਰਾਸ਼ਟਰੀ ਸੈਮੀਨਾਰ ਆਯੋਜਿਤ ਕਰਵਾਇਆ ਗਿਆ, ਜਿਸ ਵਿੱਚ ਦਿੱਲੀ ਦੇ ਸਾਬਕਾ ਚੀਫ ਟਾਊਨ ਪਲਾਨਰ, ਡਾ. ਡੀ.ਐਸ. ਮੇਸ਼ਰਾਮ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ।

20. 17 ਫਰਵਰੀ ਨੂੰ ਜ਼ੂਆਲੋਜੀ ਵਿਭਾਗ ਵਲੋਂ ਯੂ.ਜੀ.ਸੀ. ਦੇ ਸਹਿਯੋਗ ਨਾਲ **Recent Trends for Ecorestoration** ਵਿਸ਼ੇ 'ਤੇ ਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ CIFRI ਕੌਲਕੱਤਾ ਦੇ ਪ੍ਰੋਫੈਸਰ ਯੂ.ਕੇ. ਸਰਕਾਰ, ਗੁਰੂਕੁਲ ਕਾਂਗੜੀ ਮਹਾਂਵਿਦਿਆਲਾ ਦੇ ਪ੍ਰੋਫੈਸਰ ਬੀ.ਡੀ. ਜੋਸ਼ੀ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਪ੍ਰੋਫੈਸਰ ਐਸ.ਐਸ. ਹੁੰਦਲ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪ੍ਰੋਫੈਸਰ ਜਗਬੀਰ ਸਿੰਘ ਨੇ ਆਪਣੇ ਵਿਚਾਰ ਪੇਸ਼ ਕੀਤੇ।

21. 17 ਫਰਵਰੀ ਤੋਂ 18 ਫਰਵਰੀ ਤੱਕ ਪੰਜਾਬ ਸਕੂਲ ਆਫ ਇਕਨਾਮਿਕਸ ਵਲੋਂ ਯੂ.ਜੀ.ਸੀ.

ਦੇ ਸਹਿਯੋਗ ਨਾਲ **Agricultural and Rural Diversification in Punjab** ਵਿਸ਼ੇ 'ਤੇ ਦੋ ਰੋਜ਼ਾ ਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਜੀ.ਬੀ. ਪੰਤ ਇੰਸਟੀਚਿਊਟ ਆਫ ਸੋਸ਼ਲ ਸਾਇੰਸਜ਼, ਅਲਾਹਾਬਾਦ ਦੇ ਪ੍ਰੋਫੈਸਰ ਪ੍ਰਦੀਪ ਭਾਰਗਵਾ ਨੇ ਕੁੰਜੀਵਤ ਭਾਸ਼ਣ ਦਿੱਤਾ ਅਤੇ ਸਮਾਪਤੀ ਸਮਾਰੋਹ ਦੀ ਪ੍ਰਧਾਨਗੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪ੍ਰੋਫੈਸਰ ਬਲਵਿੰਦਰ ਸਿੰਘ ਟਿਵਾਣਾ ਨੇ ਕੀਤੀ।ਇਸ ਤੋਂ ਇਲਾਵਾ 17 ਮਾਰਚ ਤੋਂ 18 ਮਾਰਚ ਤੱਕ ਸਕੂਲ ਵਲੋਂ ਯੂ.ਜੀ.ਸੀ. ਦੇ ਸਹਿਯੋਗ ਨਾਲ **Changing Policy Regime and Sectoral Performance of India** ਵਿਸ਼ੇ 'ਤੇ ਦੋ ਰੋਜ਼ਾ ਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ IIPA, New Delhi ਦੇ ਸਾਬਕਾ ਪ੍ਰੋਫੈਸਰ ਪੀ.ਕੇ. ਚੌਬੇ ਨੇ ਕੁੰਜੀਵਤ ਭਾਸ਼ਣ ਦਿੱਤਾ।

22. 24 ਫਰਵਰੀ ਤੋਂ 25 ਫਰਵਰੀ ਤੱਕ ਸਕੂਲ ਆਫ ਸੋਸ਼ਲ ਸਾਇੰਸਜ਼ ਵਲੋਂ **ਸਮਾਜਿਕ ਖੇਤਰ ਵਿਚ ਸੰਚਾਲਨ ਅਤੇ ਵਿਕਾਸ ਵਿਸ਼ੇ** 'ਤੇ ਦੋ ਰੋਜ਼ਾ ਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਪ੍ਰਥਮਾ ਐਜੂਕੇਸ਼ਨ ਫਾਊਂਡੇਸ਼ਨ ਦੀ Chief Executive, ਡਾ. ਰੁਕਮਿਨੀ ਬੈਨਰਜੀ ਨੇ ਮੁੱਖ ਭਾਸ਼ਣ ਦਿੱਤਾ।

23. 15 ਮਾਰਚ ਨੂੰ ਗੁਰੂ ਨਾਨਕ ਅਧਿਐਨ ਵਿਭਾਗ ਵਲੋਂ **ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਭਾਰਤੀ ਸਭਿਆਚਾਰ ਨੂੰ ਦੇਣ** ਵਿਸ਼ੇ 'ਤੇ ਇੱਕ ਵਿਸ਼ੇਸ਼ ਲੈਕਚਰ ਕਰਵਾਇਆ ਗਿਆ, ਜੋ ਕਿ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪ੍ਰੋਫੈਸਰ ਹਰਭਜਨ ਸਿੰਘ ਨੇ ਦਿੱਤਾ ।

24. ਪਲੇਸਮੈਂਟ ਵਿਭਾਗ ਦੇ ਯਤਨਾਂ ਸਦਕਾ Tata Consultancy Service, Capgemini, Nagarro, Infogain, Jubiliant Chemsys, Software AG, Code Brew, Status Brew, John Deere ਅਤੇ Tech Mahindra ਆਦਿ ਕੰਪਨੀਆਂ ਵਲੋਂ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਦੇ 81 ਵਿਦਿਆਰਥੀਆਂ ਨੂੰ ਨੌਕਰੀਆਂ ਲਈ ਚੁਣਿਆ ਗਿਆ ਹੈ। ਇਸ ਤਰ੍ਹਾਂ ਜੁਲਾਈ,2016 ਤੋਂ ਹੁਣ ਤੱਕ ਬੈਚ 2017 ਦੇ ਕੁਲ 482 ਵਿਦਿਆਰਥੀਆਂ ਦੀ ਪਲੇਸਮੈਂਟ ਹੋ ਚੁੱਕੀ ਹੈ। ਇਸ ਤੋਂ ਇਲਾਵਾ Valeur HR Company ਵਲੋਂ MBA FYIC 3rd Semester ਦੇ ਵਿਦਿਆਰਥੀ ਮਹਿੰਦਰ ਪਾਲ ਸ਼ੋਰੀ ਦੀ 5 ਨਵੰਬਰ, 2016 ਨੂੰ ਕੰਪਨੀ ਦੇ ਸਿੰਗਾਪੁਰ ਦਫਤਰ ਵਿਖੇ 2 ਹਫਤਿਆਂ ਦੀ ਟਰੇਨਿੰਗ ਲਈ ਚੋਣ ਕੀਤੀ ਗਈ, ਜਿਸ ਦਾ ਸਾਰਾ ਖਰਚਾ ਕੰਪਨੀ ਵਲੋਂ ਕੀਤਾ ਗਿਆ। 26 ਅਗੱਸਤ, 2016 ਨੂੰ ਇਸ ਕੰਪਨੀ ਵਲੋਂ ਯੂਨੀਵਰਸਿਟੀ ਨਾਲ MoU ਵੀ ਕੀਤਾ ਗਿਆ, ਜਿਸ ਤਹਿਤ ਕੰਪਨੀ ਵਲੋਂ ਵਿਦਿਆਰਥੀਆਂ ਨੂੰ ਟਰੇਨਿੰਗ ਦਿੱਤੀ ਜਾਵੇਗੀ।

25. ਆਲ ਇੰਡੀਆ ਸਰਵਿਸਿਜ਼ ਪ੍ਰੀ-ਐਗਜ਼ਾਮੀਨੇਸ਼ਨਜ਼ ਟ੍ਰੇਨਿੰਗ ਸੈਂਟਰ ਅਤੇ ਸੈਂਟਰ ਆਫ ਪ੍ਰੈਪਰੇਸ਼ਨ ਫਾਰ ਕੰਪੀਟੇਟਿਵ ਐਗਜ਼ਾਮੀਨੇਸ਼ਨਜ਼ ਦੇ ਯਤਨਾਂ ਸਦਕਾ 22 ਵਿਦਿਆਰਥੀ ਵੱਖ-ਵੱਖ ਸਰਕਾਰੀ/ਗੈਰ ਸਰਕਾਰੀ ਸੰਸਥਾਵਾਂ ਵਿੱਚ ਨੌਕਰੀਆਂ ਹਾਸਿਲ ਕਰਨ ਵਿੱਚ ਕਾਮਯਾਬ ਰਹੇ ਹਨ ਅਤੇ 12 ਵਿਦਿਆਰਥੀ ਨੌਕਰੀ ਲਈ ਮੁੱਢਲੀ ਪ੍ਰੀਖਿਆ ਦਾ ਟੈਸਟ ਪਾਸ ਕਰਨ ਵਿੱਚ ਸਫਲ ਰਹੇ ਹਨ ।ਇਸ ਤੋਂ ਇਲਾਵਾ 8 ਵਿਦਿਆਰਥੀਆਂ ਨੇ JRF/UGC ਦੀ ਪ੍ਰੀਖਿਆ ਪਾਸ ਕੀਤੀ ਹੈ ਜਿਨ੍ਹਾਂ ਵਿਚੋਂ ਲਾਅ ਵਿਸ਼ੇ ਨਾਲ ਸਬੰਧਿਤ ਇੱਕ ਵਿਦਿਆਰਥਣ, ਹਰਸਿਮਰਦੀਪ ਕੌਰ ਨੇ ਰਾਸ਼ਟਰੀ ਪੱਧਰ ਤੇ ਪਹਿਲਾ ਸਥਾਨ ਹਾਸਿਲ ਕੀਤਾ ਹੈ।

26. **<u>ਖੇਡ ਵਿਭਾਗ ਦੀਆਂ ਉਪਲੱਬਧੀਆਂ:</u>**

- 15 ਅਕਤੂਬਰ ਤੋਂ 18 ਅਕਤੂਬਰ, 2016 ਤੱਕ ਯੂਨੀਵਰਸਿਟੀ ਕੈਂਪਸ ਵਿਖੇ ਹੋਈ All India Inter-University Road Cycling (Men & Women) Championship -2016-17 ਵਿੱਚ ਯੂਨੀਵਰਸਿਟੀ ਦੀ ਮਰਦਾਂ ਦੀ ਟੀਮ ਓਵਰਆਲ ਚੈਂਪੀਅਨ ਰਹੀ ਅਤੇ ਉਸਨੇ 3 ਗੋਲਡ ਅਤੇ 1 ਸਿਲਵਰ

ਮੈਡਲ ਜਿੱਤੇ । ਯੂਨੀਵਰਸਿਟੀ ਦੀ ਮਹਿਲਾ ਟੀਮ ਵੀਓਵਰਆਲ ਚੈਂਪੀਅਨ ਰਹੀ ਅਤੇ ਉਸਨੇ 3 ਗੋਲਡ ਅਤੇ 1 ਸਿਲਵਰ ਮੈਡਲ ਜਿੱਤੇ। ਇਸ ਚੈਂਪੀਅਨਸ਼ਿਪ ਵਿੱਚ ਦੇਸ਼ ਭਰ ਦੀਆਂ ਯੂਨੀਵਰਸਿਟੀਆਂ ਤੋਂ ਤਕਰੀਬਨ 250 ਖਿਡਾਰੀਆਂ ਨੇ ਹਿੱਸਾ ਲਿਆ ।

- 3 ਨਵੰਬਰ ਤੋਂ 6 ਨਵੰਬਰ ਤੱਕ ਕੁਰੂਕਸ਼ੇਤਰ ਵਿਖੇ ਹੋਈ All India Inter-University Judo (Men and Women) Championship-2016-17 ਵਿੱਚ ਯੂਨੀਵਰਸਿਟੀ ਦੀ ਮਰਦਾਂ ਦੀ ਟੀਮ ਨੇ 1 ਗੋਲਡ, 3 ਸਿਲਵਰ ਅਤੇ 1 ਬ੍ਰਾਂਜ਼ ਮੈਡਲ ਅਤੇ ਮਹਿਲਾ ਟੀਮ ਨੇ 2 ਗੋਲਡ, 1 ਸਿਲਵਰ ਅਤੇ 2 ਬ੍ਰਾਂਜ਼ ਮੈਡਲ ਜਿੱਤੇ ।

- 8 ਨਵੰਬਰ ਤੋਂ 12 ਨਵੰਬਰ, 2016 ਤੱਕ ਯੂਨੀਵਰਸਿਟੀ ਕੈਂਪਸ ਵਿਖੇ ਹੋਈ All India Inter-University Shooting (Men & Women) Championship ਵਿੱਚ ਯੂਨੀਵਰਸਿਟੀ ਦੀ ਮਰਦਾਂ ਦੀ ਟੀਮ ਓਵਰਆਲ ਚੈਂਪੀਅਨ ਰਹੀ ਅਤੇ ਉਸਨੇ 4 ਗੋਲਡ, 1 ਸਿਲਵਰ ਅਤੇ 1 ਬ੍ਰਾਂਜ਼ ਮੈਡਲ ਜਿੱਤੇ। ਯੂਨੀਵਰਸਿਟੀ ਦੀ ਮਹਿਲਾ ਟੀਮ ਨੇ ਤੀਸਰਾ ਸਥਾਨ ਹਾਸਿਲ ਕੀਤਾ ਅਤੇ ਉਸਨੇ 2 ਸਿਲਵਰ ਅਤੇ 1 ਬ੍ਰਾਂਜ਼ ਮੈਡਲ ਜਿੱਤੇ । ਇਸ ਚੈਂਪੀਅਨਸ਼ਿਪ ਵਿੱਚ ਦੇਸ਼ ਭੱਰ ਦੀਆਂ ਯੂਨੀਵਰਸਿਟੀਆਂ ਤੋਂ ਤਕਰੀਬਨ 650 ਸ਼ੂਟਰਾਂ ਨੇ ਹਿੱਸਾ ਲਿਆ ।

- 16 ਨਵੰਬਰ ਤੋਂ 19 ਨਵੰਬਰ, 2016 ਤੱਕ ਯੂਨੀਵਰਸਿਟੀ ਕੈਂਪਸ ਵਿਖੇ ਹੋਈ All India Inter-University Track Cycling (Men & Women) Championships-2016-17 ਵਿੱਚ ਯੂਨੀਵਰਸਿਟੀ ਦੀ ਮਰਦਾਂ ਦੀ ਟੀਮ ਓਵਰਆਲ ਚੈਂਪੀਅਨ ਰਹੀ ਅਤੇ ਉਸਨੇ 5 ਗੋਲਡ, 5 ਸਿਲਵਰ ਅਤੇ 1 ਬ੍ਰਾਂਜ਼ ਮੈਡਲ ਜਿੱਤੇ। ਯੂਨੀਵਰਸਿਟੀ ਦੀ ਮਹਿਲਾ ਟੀਮ ਵੀਓਵਰਆਲ ਚੈਂਪੀਅਨ ਰਹੀ ਅਤੇ ਉਸਨੇ 6 ਗੋਲਡ, 2 ਸਿਲਵਰ ਅਤੇ 1 ਬ੍ਰਾਂਜ਼ ਮੈਡਲ ਜਿੱਤੇ। ਇਸ ਚੈਂਪੀਅਨਸ਼ਿਪ ਵਿੱਚ ਦੇਸ਼ ਭਰ ਦੀਆਂ ਯੂਨੀਵਰਸਿਟੀਆਂ ਤੋਂ ਤਕਰੀਬਨ 250 ਖਿਡਾਰੀਆਂ ਨੇ ਹਿੱਸਾ ਲਿਆ ।

- 11-14 ਜਨਵਰੀ ਨੂੰ ਰਾਏਪੁਰ (ਛੱਤੀਸਗੜ੍ਹ) ਵਿਖੇ ਹੋਈ Senior National Fencing (M&W) Championship ਵਿੱਚ ਯੂਨੀਵਰਸਿਟੀ ਦੀ ਟੀਮ ਨੇ 3 ਗੋਲਡ, 6 ਸਿਲਵਰ ਅਤੇ 3 ਬ੍ਰਾਂਜ਼ ਮੈਡਲ ਜਿੱਤੇ ।

- 21-24 ਜਨਵਰੀ ਨੂੰ ਯੂਨੀਵਰਸਿਟੀ ਵਿਖੇ ਹੋਈ All India Inter-University Fencing (M&W) Championship ਵਿੱਚ ਯੂਨੀਵਰਸਿਟੀ ਦੀ ਟੀਮ ਨੇ 8 ਗੋਲਡ, 3 ਸਿਲਵਰ ਅਤੇ 4 ਬ੍ਰਾਂਜ਼ ਮੈਡਲ ਜਿੱਤੇ ।
- 11-17 ਫਰਵਰੀ ਨੂੰ ਯੂਨੀਵਰਸਿਟੀ ਵਿਖੇ ਹੋਈ North-Zone Inter-University Hockey (M&W) Championship ਵਿੱਚ ਯੂਨੀਵਰਸਿਟੀ ਦੀ ਪੁਰਸ਼ਾਂ ਦੀ ਟੀਮ ਨੇ ਚੈਂਪੀਅਨਸ਼ਿਪ ਜਿੱਤੀ ਅਤੇ ਮਹਿਲਾ ਹਾਕੀ ਟੀਮ ਨੇ ਤੀਜਾ ਸਥਾਨ ਹਾਸਿਲ ਕੀਤਾ ਅਤੇ ਸਰਭ ਭਾਰਤੀ ਅੰਤਰ-ਵਰਸਿਟੀ ਹਾਕੀ ਚੈਂਪੀਅਨਸ਼ਿਪ ਲਈ ਕੁਆਲੀਫਾਈ ਕੀਤਾ।

- 26-28 ਫਰਵਰੀ ਨੂੰ ਚੇਨੱਈ ਵਿਖੇ ਹੋਈ Senior National Judo(M&W) Championship ਵਿੱਚ ਯੂਨੀਵਰਸਿਟੀ ਦੀ ਟੀਮ ਨੇ 1 ਸਿਲਵਰ ਅਤੇ 2 ਬ੍ਰਾਂਜ਼ ਮੈਡਲ ਜਿੱਤੇ।

- 1-3 ਮਾਰਚ ਨੂੰ ਤਲਵਾੜਾ ਵਿਖੇ ਹੋਈ All India Inter-University Yatching (M&W) Championship ਵਿੱਚ ਯੂਨੀਵਰਸਿਟੀ ਦੀ ਟੀਮ ਨੇ 1 ਗੋਲਡ ਅਤੇ 2 ਬ੍ਰਾਂਜ਼ ਮੈਡਲ ਜਿੱਤੇ ।

- 9-11 ਮਾਰਚ ਨੂੰ ਰੋਹਤਕ ਵਿਖੇ ਹੋਈ All India Inter-University American Football (Men) Championship ਵਿੱਚ ਯੂਨੀਵਰਸਿਟੀ ਦੀ ਟੀਮ ਰਨਰਜ਼-ਅਪ ਰਹੀ।

27. **ਯੁਵਕ ਭਲਾਈ ਵਿਭਾਗ ਦੀਆਂ ਗਤੀਵਿਧੀਆਂ:**

- 26 ਅਕਤੂਬਰ ਤੋਂ 27 ਅਕਤੂਬਰ, 2016 ਤੱਕ ਪੰਜਾਬ ਸਰਕਾਰ ਵਲੋਂ ਪੰਜਾਬੀ ਸੂਬੇ ਦੀ 50ਵੀਂ ਵਰੇਗੰਢ ਦੇ ਮੌਕੇ 'ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਗਿੱਧੇ ਅਤੇ ਭੰਗੜੇ ਦੇ ਜਿਲ੍ਹਾ ਪੱਧਰੀ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਯੂਨੀਵਰਸਿਟੀ ਦੀ ਗਿੱਧੇ ਦੀ ਟੀਮ ਨੇ ਤੀਸਰਾ ਸਥਾਨ ਹਾਸਿਲ ਕੀਤਾ ।

- 25 ਨਵੰਬਰ ਤੋਂ 26 ਨਵੰਬਰ, 2016 ਤੱਕ ਐਸੋਸੀਏਸ਼ਨ ਆਫ ਇੰਡੀਅਨ ਯੂਨੀਵਰਸਿਟੀਜ਼ ਵਲੋਂ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਫਗਵਾੜਾ ਵਿਖੇ ਅੰਤਰ-ਯੂਨੀਵਰਸਿਟੀ ਨੈਸ਼ਨਲ ਕਵਾਲੀ ਮੁਕਾਬਲਿਆਂ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਦੇਸ਼ ਦੀਆਂ 15 ਯੂਨੀਵਰਸਿਟੀਆਂ ਨੇ ਹਿੱਸਾ ਲਿਆ । ਇਨ੍ਹਾਂ ਮੁਕਾਬਲਿਆਂ ਵਿੱਚ ਯੂਨੀਵਰਸਿਟੀ ਦੀ ਟੀਮ ਨੇ ਓਵਰਆਲ ਰਨਰਜ਼-ਅਪ ਟਰਾਫੀ ਜਿੱਤੀ ਅਤੇ 15,000 ਰੁਪਏ ਦਾ ਨਕਦ ਇਨਾਮ ਹਾਸਿਲ ਕੀਤਾ।

- 2 ਜਨਵਰੀ ਤੋਂ 6 ਜਨਵਰੀ ਤੱਕ ਐਸੋਸੀਏਸ਼ਨ ਆਫ ਇੰਡੀਅਨ ਯੂਨੀਵਰਸਿਟੀਜ਼ ਵਲੋਂ ਛਤਰਪਤੀ ਸ਼ਾਹੂ ਜੀ ਯੂਨੀਵਰਸਿਟੀ, ਕਾਨਪੁਰ ਵਿਖੇ ਕਰਵਾਏ ਗਏ ਨਾਰਥ ਜੋਨ ਅੰਤਰ-ਯੂਨੀਵਰਸਿਟੀ ਯੂਥ ਫੈਸਟੀਵਲ ਵਿੱਚ ਯੂਨੀਵਰਸਿਟੀ ਨੇ ਓਵਰਆਲ ਰਨਰਜ਼-ਅਪ ਟਰਾਫੀ ਜਿੱਤੀ ਅਤੇ ਸੰਗੀਤ ਦੀ ਟਰਾਫੀ ਜਿੱਤੀ ।

- 10 ਫਰਵਰੀ ਤੋਂ 14 ਫਰਵਰੀ ਤੱਕ ਐਸੋਸੀਏਸ਼ਨ ਆਫ ਇੰਡੀਅਨ ਯੂਨੀਵਰਸਿਟੀਜ਼ ਵਲੋਂ ਸ਼ਿਵਾਜੀ ਯੂਨੀਵਰਸਿਟੀ, ਕੋਹਲਾਪੁਰ ਵਿਖੇ ਕਰਵਾਏ ਗਏ ਅੰਤਰ-ਯੂਨੀਵਰਸਿਟੀ ਨੈਸ਼ਨਲ ਯੂਥ ਫੈਸਟੀਵਲ ਵਿੱਚ ਯੂਨੀਵਰਸਿਟੀ ਨੇ ਓਵਰਆਲ ਸੈਕੰਡ ਰਨਰਜ਼-ਅਪ ਟਰਾਫੀ ਜਿੱਤੀ ਅਤੇ ਸੰਗੀਤ ਦੀ ਟਰਾਫੀ ਜਿੱਤੀ। ਇਸ ਯੁਵਕ ਮੇਲੇ ਵਿੱਚ ਦੇਸ਼ ਭੱਰ ਦੀਆਂ ਲਗਭੱਗ 70 ਯੂਨੀਵਰਸਿਟੀਆਂ ਨੇ ਹਿੱਸਾ ਲਿਆ।

- 28 ਫਰਵਰੀ ਤੋਂ 4 ਮਾਰਚ ਤੱਕ ਐਸੋਸੀਏਸ਼ਨ ਆਫ ਇੰਡੀਅਨ ਯੂਨੀਵਰਸਿਟੀਜ਼ ਵਲੋਂ ਦੇਵੀ ਅਹਿੱਲਯਾ ਵਿਸ਼ਵ ਵਿਦਿਆਲਾ, ਇੰਦੌਰ ਵਿਖੇ ਆਯੋਜਿਤ 10ਵੇਂ ਸਾਊਥ ਏਸ਼ੀਅਨ ਯੂਨੀਵਰਸਿਟੀਜ਼ ਯੂਥ ਫੈਸਟੀਵਲ ਵਿੱਚ ਯੂਨੀਵਰਸਿਟੀ ਦੀਆਂ ਕਲਾਸੀਕਲ ਡਾਂਸ, ਪੋਸਟਰ ਮੇਕਿੰਗ ਅਤੇ ਲਾਈਟ ਮਿਊਜਿਕ ਵੋਕਲ ਟੀਮਾਂ ਨੇ ਦੇਸ਼ ਦੀ ਨੁਮਾਇੰਦਗੀ ਕੀਤੀ ।

**ਸੈਨੇਟ ਨੇ ਯੂਨੀਵਰਸਿਟੀ ਵਿਖੇ ਚੱਲ ਰਹੀਆਂ ਉਕਤ ਵੱਖ-ਵੱਖ ਗਤੀਵਿਧੀਆਂ ‘ਤੇ ਤਸੱਲੀ ਦਾ ਪ੍ਰਗਟਾਵਾ ਕੀਤਾ।**

**ਸਿੰਡੀਕੇਟ ਦੀ ਇਕੱਤਰਤਾ ਮਿਤੀ 20.3.2017 ਦੀਆਂ ਸਿਫਾਰਸ਼ਾਂ ਦੀ ਪ੍ਰਵਾਨਗੀ।**

6. ਸਿੰਡੀਕੇਟ ਦੀਆਂ ਮਿਤੀ 20.3.2017 ਦੀਆਂ ਹੇਠ ਲਿਖੀਆਂ ਸਿਫਾਰਸ਼ਾਂ 'ਤੇ ਵਿਚਾਰ ਹੋਈ ਕਿ:-

(ੳ) ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 8.2.2017 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪ੍ਰਵਾਨ ਕੀਤੀਆਂ ਜਾਣ।

(ਸਿੰਡੀਕੇਟ ਪੈਰਾ 3)

(ਅ) ਕੈਲੰਡਰਾਂ ਦੀ ਸੁਧਾਈ/ ਛਪਾਈ ਲਈ ਗਠਿਤ ਕਮੇਟੀ ਦੀ ਇੱਕਤਰਤਾ ਮਿਤੀ 5.12.2016 ਦੀ ਸਿਫਾਰਸ਼ ਨੂੰ ਮੁੱਖ ਰੱਖਦਿਆਂ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਵਿਚ (**ਅੰਤਿਕਾ** ਅਨੁਸਾਰ) ਸੋਧ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ।

(ਸਿੰਡੀਕੇਟ ਪੈਰਾ 24)

(ੲ) ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 137 'ਤੇ ਅੰਕਿਤ Statutes 1.3 ਵਿਚ, ਪੰਜਾਬ ਸਰਕਾਰ ਵੱਲੋਂ ਨਵੇਂ ਘੋਸ਼ਿਤ ਕੀਤੇ ਜਿਲ੍ਹਿਆਂ ਦੇ ਨਾਵਾਂ ਨੂੰ ਸ਼ਾਮਿਲ ਕਰਨ ਸਬੰਧੀ ਡੀਨ, ਕਾਲਜ ਵਿਕਾਸ ਕੌਂਸਲ ਦੀ ਸਿਫਾਰਸ਼ ਨੂੰ ਮੁੱਖ ਰੱਖਦਿਆਂ (**ਅੰਤਿਕਾ** ਅਨੁਸਾਰ) ਸੋਧ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ।

(ਸਿੰਡੀਕੇਟ ਪੈਰਾ 25)

**ਪਾਸ ਹੋਇਆ** ਕਿ ਸਿੰਡੀਕੇਟ ਦੀਆਂ ਉਕਤ ਸਿਫਾਰਸ਼ਾਂ ਪ੍ਰਵਾਨ ਕੀਤੀਆਂ ਜਾਂਦੀਆਂ ਹਨ।

ਇਕੱਤਰਤਾ ਦੇ ਅੰਤ ਵਿਚ ਉਪ-ਕੁਲਪਤੀ ਸਾਹਿਬ ਨੇ ਸਮੂਹ ਮੈਂਬਰ ਸਾਹਿਬਾਨ ਵੱਲੋਂ ਉਨ੍ਹਾਂ ਦੇ ਅਸਤੀਫੇ ਨਾਲ ਸਬੰਧਤ ਦਿੱਤੇ ਵਿਚਾਰ ਅਤੇ ਪ੍ਰਗਟਾਏ ਦਿਲੀ ਇਜ਼ਹਾਰ ਤੇ ਉਨ੍ਹਾਂ ਵੱਲੋਂ ਯੂਨੀਵਰਸਿਟੀ ਦੀ ਬਿਹਤਰੀ ਲਈ ਮਿਲੇ ਸਹਿਯੋਗ, ਅਣਮੁਲੇ ਸੁਝਾਅ ਤੇ ਵਿਦਿਅਕ ਅਗਾਂਹਵਧੂ ਵਿਚਾਰਾਂ ਕਰਕੇ ਉਨ੍ਹਾਂ ਸਭ ਦਾ ਧੰਨਵਾਦ ਕੀਤਾ।

ਧੰਨਵਾਦ ਦੇ ਮਤੇ ਨਾਲ ਇਕੱਤਰਤਾ ਸਮਾਪਤ ਹੋਈ।

(ਕਰਨਜੀਤ ਸਿੰਘ ਕਾਹਲੋਂ)
ਰਜਿਸਟਰਾਰ

**ਪੱਕੀ ਕੀਤੀ ਗਈ**

(ਅ.ਸ. ਬਰਾੜ)
ਉਪ-ਕੁਲਪਤੀ